# ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

## ਐਪੀਸੋਡ ੩: ਰੂਹਾਨੀ ਰਵਾਨਗੀ (ਆਤਮਿਕ ਪੈਂਡਾ)

ਰੂਹਾਨੀ ਰਵਾਨਗੀ, ਆਤਮਿਕ ਵਿਦਾਈ, ਤੌਹੀਦ ਨੂੰ ਵੇਖਣ, ਗੂੜ੍ਹਨ ਅਤੇ ਵਰਤਾਉਣ ਲਈ ਜਗਿਆਸੂ ਨਜ਼ਰਵਾਨ ਦੀ ਪਹਿਲੀ ਉਦਾਸੀ। ਗੁਰੂ ਨਾਨਕ ਨੇ 'ਸ਼ਕਰਗੰਜ' ਦੀ ਗੱਦੀ ਨਾਲ ਜੁੜੇ ਫ਼ਕੀਰਾਂ ਨਾਲ ਗੋਸ਼ਟਿ ਰਚਾਇਆ।

ਜਾਗਹੁ ਜਾਗਹੁ ਸੂਤਿਹੋ ਚਲਿਆ ਵਣਜਾਰਾ॥
(ਰਾਗ ਆਸਾ ਕਾਫੀ, ਗੁਰੂ ਨਾਨਕ)

ਜਾਗੋ, ਜਾਗੋ, ਓ ਸੁੱਤਿਓ, ਵਣਜਾਰਾ ਵਿਦਾ ਹੋ ਰਿਹਾ ਹੈ।
(ਰਾਗ ਆਸਾ ਕਾਫੀ, ਗੁਰੂ ਨਾਨਕ)

ਗੁਰੂ ਨਾਨਕ ਨੇ ੩੫ ਸਾਲ ਦੀ ਉਮਰੇ, ਸੰਨ ੧੫੦੪ ਵਿੱਚ ਸਮਾਜ ਦੀ ਆਤਮਾ ਨੂੰ ਝੰਜੋੜਨ ਅਤੇ ਅਗਿਆਨਤਾ ਦੀ ਨੀਂਦ ਵਿੱਚੋਂ ਜਗਾਉਣ ਲਈ ਨਵੀਂ ਮੁਹਿੰਮ ਉੱਤੇ ਚਾਲੇ ਪਾ ਦਿੱਤੇ।

ਸੁਲਤਾਨਪੁਰ ਲੋਧੀ ਤੋਂ ਚੱਲਣ ਵੇਲੇ ਉਹ ਆਪਣੀ ਭੈਣ ਬੇਬੇ ਨਾਨਕੀ ਦੇ ਘਰ ਗਏ ਅਤੇ ਉਨ੍ਹਾਂ ਨੂੰ ਆਪਣੀ ਗ਼ੈਰ-ਹਾਜ਼ਰੀ ਵਿੱਚ ਪਰਿਵਾਰ ਦਾ ਖ਼ਿਆਲ ਰੱਖਣ ਦੀ ਬੇਨਤੀ ਕੀਤੀ। ਬੇਬੇ ਨਾਨਕੀ ਅਤੇ ਮਾਤਾ ਸੁਲੱਖਣੀ ਦੇ ਹਾਮੀ ਭਰਨ ਤੋਂ ਬਾਅਦ, ਗੁਰੂ ਨਾਨਕ ਅਤੇ ਭਾਈ ਮਰਦਾਨਾ ਸੁਲਤਾਨਪੁਰ ਤੋਂ ਸੈਦਪੁਰ ਗਏ, ਜੋ ਹੁਣ ਐਮਨਾਬਾਦ ਨਾਮ ਦਾ ਸ਼ਹਿਰ ਹੈ।

ਅਸੀਂ ਹੁਣ ਸੁਲਤਾਨਪੁਰ ਲੋਧੀ ਤੋਂ ਗੁਰੂ ਨਾਨਕ ਦੀਆਂ ਯਾਦਾਂ ਨਾਲ ਸਾਂਝ ਪਾਉਣ ਪਾਕਿਸਤਾਨ ਵਿੱਚ ਐਮਨਾਬਾਦ ਜਾ ਰਹੇ ਹਾਂ।

ਐਮਨਾਬਾਦ ਦੇ ਨਿਮਾਣੇ ਜਿਹੇ ਤਰਖਾਣ ਭਾਈ ਲਾਲੋ ਨੇ ਗੁਰੂ ਨਾਨਕ ਅਤੇ ਭਾਈ ਮਰਦਾਨਾ ਦਾ ਸੁਆਗਤ ਕੀਤਾ ਅਤੇ ਉਨ੍ਹਾਂ ਨੂੰ ਆਪਣੇ ਘਰ ਰਹਿਣ ਦਾ ਸੱਦਾ ਦਿੱਤਾ।

ਭਾਈ ਲਾਲੋ ਦੇ ਘਰ ਕਿਆਮ ਦੌਰਾਨ ਗੁਰੂ ਨਾਨਕ ਨੇ ਜ਼ਿਆਦਾ ਸਮਾਂ ਰੋੜੀ ਵਾਲੀ ਸੁੰਨਸਾਨ ਥਾਂ ਉੱਤੇ ਗੁਜ਼ਾਰਿਆ।

**ਅਮਰਦੀਪ ਸਿੰਘ:** ਉਨ੍ਹਾਂ ਦਾ ਮਕਸਦ ਆਉਣ ਵਾਲੇ ਸਾਲਾਂ ਦੀਆਂ ਲੰਮੀਆਂ ਅਤੇ ਮੁਸ਼ਕਲ ਉਦਾਸੀਆਂ ਲਈ ਰੂਹਾਨੀ ਅਤੇ ਜਿਸਮਾਨੀ ਤਿਆਰੀ ਕਰਨਾ ਸੀ। ਉਨ੍ਹਾਂ ਨੇ ਆਪਣੀ ਖ਼ੁਰਾਕ ਘਟਾਈ। ਉਹ ਧਿਆਨ ਲਗਾਉਣ ਵਿੱਚ ਸਮਾਂ ਗੁਜ਼ਾਰਦੇ ਅਤੇ ਰੋੜੀ ਉੱਤੇ ਸੌਂਦੇ ਸਨ।

ਇਹ ਗੁਰਦਵਾਰਾ ਇਮਾਰਤਸਾਜ਼ੀ ਦਾ ਅਜੂਬਾ ਹੈ, ਜਿਸ ਦੀਆਂ ਇੱਟਾਂ ਦੀ ਚਿਣਾਈ ਦਾ ਕਲਾਮਈ ਅੰਦਾਜ਼ ਨਿਰਾਲਾ ਹੈ। ਇਸ ਦੀ ਉਸਾਰੀ ਕਰਨ ਵਾਲੇ ਮਿਸਤਰੀ ਮੌਲਿਕ ਅਤੇ ਇਜਾਦੀ ਸਨ। ਇੱਟਾਂ ਨਾਲ ਡਾਟਾਂ ਉੱਤੇ ਗੁਰਮੁਖੀ ਅੱਖਰਾਂ ਵਿੱਚ ਗੁਰੂ ਨਾਨਕ ਦੀ ਬਾਣੀ ਦਰਜ ਹੈ।

ਅਣਵੰਡੇ ਪੰਜਾਬ ਵਿੱਚ ਵੈਸਾਖੀ ਦਾ ਸਾਲਾਨਾ ਮੇਲਾ ਇਸੇ ਗੁਰਦਵਾਰੇ ਦੇ ਮੈਦਾਨ ਵਿੱਚ ਲਗਦਾ ਸੀ, ਜਿੱਥੇ ਹਰ ਮਜ਼ਹਬ ਦੇ ਲੋਕ ਧੂਮ-ਧਾਮ ਨਾਲ ਆਉਂਦੇ ਸਨ। ਉੱਨੀ ਸੌ ਸੰਤਾਲੀ ਦੀ ਵੰਡ ਦੌਰਾਨ ਹੋਈ ਹਿਜਰਤ ਤੋਂ ਬਾਅਦ ਸਮੁੱਚਾ ਮੰਜ਼ਰ ਬਦਲ ਗਿਆ।

**ਅਮਰਦੀਪ ਸਿੰਘ:** ਇਹ ਗੁਰਦਵਾਰਾ ਰੋੜੀ ਸਾਹਿਬ, ਐਮਨਾਬਾਦ ਦੇ ਬਾਹਰ ਪਿੰਡ ਵਿੱਚ ਗੁਰੂ ਨਾਨਕ ਦੇ ਕਿਆਮ ਦੀ ਯਾਦ ਵਿੱਚ ਬਣਾਇਆ ਗਿਆ ਹੈ। ਇਸ ਕਿਆਮ ਤੋਂ ਬਾਅਦ ਉਨ੍ਹਾਂ ਨੇ ਭਾਈ ਮਰਦਾਨੇ ਨਾਲ ਆਪਣੇ ਸਫ਼ਰ ਦੀ ਸ਼ੁਰੂਆਤ ਕੀਤੀ।

ਪਾਕਿਸਤਾਨ ਦੀ ਸਰਕਾਰ ਨੇ ਉੱਨੀ ਸੌ ਤਰਾਨਵੇਂ ਵਿੱਚ ਗੁਰਦਵਾਰਾ ਰੋੜੀ ਸਾਹਿਬ ਦੀ ਸੇਵਾ-ਸੰਭਾਲ ਸ਼ੁਰੂ ਕਰਵਾਈ ਤਾਂ ਸੰਗਤ ਦੁਬਾਰਾ ਆਉਣ ਲੱਗੀ।

ਅਸੀਂ ਗੁਰਦਵਾਰਾ ਭਾਈ ਲਾਲੋ ਗਏ, ਮੰਨਿਆ ਜਾਂਦਾ ਹੈ ਕਿ ਇਸ ਥਾਂ ਉੱਤੇ ਭਾਈ ਲਾਲੋ ਦਾ ਨਿਵਾਸ ਸੀ। ਇਸ ਗੁਰਦਵਾਰੇ ਦੀ ਉਸਾਰੀ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਹੋਈ। ਵੰਡ ਤੋਂ ਬਾਅਦ ਇੱਥੇ ਉੱਨੀ ਸੌ ਤਰਾਨਵੇਂ ਤੱਕ ਮੁਹਾਜਿਰਾਂ ਦਾ ਵਸੇਬਾ ਸੀ।

ਐਮਨਾਬਾਦ ਦੇ ਜਗੀਰਦਾਰ ਮਲਿਕ ਭਾਗੋ ਨੇ ਅਸ਼ਰਾਫ਼ ਜਮਾਤ ਲਈ 'ਬ੍ਰਹਮ ਭੋਜ' ਦੀ ਦਾਅਵਤ ਦਿੱਤੀ। ਗੁਰੂ ਨਾਨਕ ਨੇ ਉਸ ਮੇਲ਼ ਵਿੱਚ ਸ਼ਾਮਿਲ ਹੋਣ ਦਾ ਸੱਦਾ ਠੁਕਰਾ ਦਿੱਤਾ ਸੀ। ਮਲਿਕ ਭਾਗੋ ਦੀ ਹਉਮੈਂ ਨੂੰ ਠੇਸ ਲੱਗੀ। ਉਸ ਨੇ ਗੁੱਸੇ ਵਿੱਚ ਗੁਰੂ ਨਾਨਕ ਤੋਂ ਸੁਆਲ ਕੀਤਾ ਕਿ ਉਨ੍ਹਾਂ ਦਾ ਸੱਦਾ ਨਾਕਬੂਲ ਕਰ ਕੇ ਨੀਵੀਂ ਜਾਤ ਦੇ ਤਰਖਾਣ ਭਾਈ ਲਾਲੋ ਦੀ ਮੇਜ਼ਬਾਨੀ ਕਬੂਲ ਕਿਉਂ ਕੀਤੀ।

**ਅਮਰਦੀਪ ਸਿੰਘ:** ਗੁਰੂ ਨਾਨਕ ਨੇ ਜੁਆਬ ਦਿੱਤਾ ਕਿ ਮਿਹਨਤ ਦੀ ਕਮਾਈ ਨਾਲ ਬਣਿਆ ਭਾਈ ਲਾਲੋ ਦਾ ਪ੍ਰਸ਼ਾਦਾ ਤਾਂ ਦੁੱਧ ਵਰਗਾ ਮਿੱਠਾ ਹੈ। ਜੇ ਉਹ ਮਲਿਕ ਭਾਗੋ ਦੇ ਘਰ ਖਾਣਗੇ ਤਾਂ ਇੱਥੋਂ ਦੇ ਪਕਵਾਨਾਂ ਵਿੱਚ ਖ਼ੂਨ ਰਲ਼ਿਆ ਹੈ ਕਿਉਂਕਿ ਇਹ ਗ਼ਰੀਬ ਲੋਕਾਂ ਦੇ ਹਕੂਕ ਦਾ ਘਾਣ ਕਰ ਕੇ ਲੁੱਟੀ ਕਮਾਈ ਨਾਲ ਬਣਿਆ ਹੈ।

ਐਸੇ ਜਨ ਵਿਰਲੇ ਜਗ ਅੰਦਰਿ ਪਰਖਿ ਖਜਾਨੈ ਪਾਇਆ॥
ਜਾਤਿ ਵਰਨ ਤੇ ਭਏ ਅਤੀਤਾ ਮਮਤਾ ਲੋਭੁ ਚੁਕਾਇਆ॥
ਨਾਮਿ ਰਤੇ ਤੀਰਥ ਸੇ ਨਿਰਮਲ ਦੁਖੁ ਹਉਮੈ ਮੈਲੁ ਚੁਕਾਇਆ॥
ਨਾਨਕੁ ਤਿਨ ਕੇ ਚਰਨ ਪਖਾਲੈ ਜਿਨਾ ਗੁਰਮੁਖਿ ਸਾਚਾ ਭਾਇਆ॥
(ਰਾਗ ਪ੍ਰਭਾਤੀ, ਗੁਰੂ ਨਾਨਕ)

ਇਸ ਦੁਨੀਆ ਵਿੱਚ ਵਿਰਲੇ ਲੋਕ ਹਨ ਜੋ ਆਤਮ-ਪੜਚੋਲ ਦਾ ਸੱਚਾ ਖ਼ਜ਼ਾਨਾ ਹਾਸਿਲ ਕਰਦੇ ਹਨ।


ਈਮੇਲ: onenessindiversityfoundation@gmail.com

ਜਾਤ ਅਤੇ ਰੰਗ ਦੀਆਂ ਹੱਦਾਂ ਤੋਂ ਉੱਪਰ ਉੱਠ ਕੇ ਉਹ ਬੰਧਨ ਅਤੇ ਲਾਲਚ ਤੋਂ ਛੁਟਕਾਰਾ ਪਾ ਲੈਂਦੇ ਹਨ।
ਧਿਆਨ ਵਿੱਚ ਇੱਕਸੁਰਤਾ ਜ਼ਿਆਰਤ ਸਾਮਾਨ ਹੈ ਅਤੇ ਉਹ ਦਰਦ ਅਤੇ ਹਉਮੈਂ ਦੀ ਗੰਦਗੀ ਤੋਂ ਛੁਟਕਾਰਾ ਪਾ ਲੈਂਦੇ ਹਨ।
ਨਾਨਕ ਉਨ੍ਹਾਂ ਗੁਰਮੁੱਖਾਂ ਤੋਂ ਬਲਿਹਾਰੇ ਜਾਂਦੇ ਹਨ ਜਿਨ੍ਹਾਂ ਨੂੰ ਸੱਚ ਦਾ ਅਹਿਸਾਸ ਹੋਇਆ ਹੈ।
(ਰਾਗ ਪ੍ਰਭਾਤੀ, ਗੁਰੂ ਨਾਨਕ)

ਇਸ ਪਦਾਰਥਵਾਦੀ ਦੁਨੀਆ ਵਿੱਚ ਵਿਰਲੇ ਲੋਕ ਹਨ ਜੋ ਅਗਿਆਨਤਾ ਦੇ ਹਨੇਰੇ ਤੋਂ ਛੁਟਕਾਰਾ ਪਾਉਂਦੇ ਹਨ ਅਤੇ ਗਿਆਨ ਦੀ ਰੌਸ਼ਨੀ ਵਿੱਚ ਵਿਵੇਕ ਦੇ ਰਾਹ ਪੈਂਦੇ ਹਨ।

ਇਸ ਵਾਕਿਆ ਵਿੱਚ ਗੁਰੂ ਨਾਨਕ ਦੇ ਫ਼ਲਸਫ਼ੇ ਵਿੱਚ ਸਮਾਜਿਕ ਇਨਸਾਫ਼, ਮਨੁੱਖੀ ਹਕੂਕ ਅਤੇ ਦਿਆਨਤ ਦੀ ਅਹਿਮੀਅਤ ਜ਼ਾਹਿਰਾ ਰੂਪ ਅਖ਼ਤਿਆਰ ਕਰਦੀ ਹੈ। ਉਨ੍ਹਾਂ ਵਿਖਿਆਨ ਕੀਤਾ ਕਿ ਕੋਈ ਮਨੁੱਖ ਕਿਸੇ ਜਾਤ ਜਾਂ ਮਜ਼ਹਬ ਵਿੱਚ ਜਨਮ ਲੈਣ ਨਾਲ ਹੀਣਾ ਜਾਂ ਬਿਹਤਰ ਨਹੀਂ ਹੋ ਜਾਂਦਾ ਸਗੋਂ ਅਮਲਾਂ ਨਾਲ ਨਿਬੇੜਾ ਹੁੰਦਾ ਹੈ।

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥
(ਰਾਗ ਮਾਝ, ਗੁਰੂ ਨਾਨਕ)

ਨਾਨਕ ਨੇ ਫ਼ਰਮਾਇਆ ਕਿ ਪਰਾਇਆ ਹੱਕ ਮਾਰਨਾ ਮੁਸਲਮਾਨ ਲਈ ਸੂਰ ਅਤੇ ਹਿੰਦੂ ਲਈ ਗਾਂ ਖਾਣ ਦੇ ਬਰਾਬਰ ਹੈ।
ਰੂਹਾਨੀ ਰਹਿਬਰ ਅਜਿਹਿਆਂ ਨਾਲ ਹੁੰਦੇ ਹਨ ਜੋ ਹਕੂਕ ਵਿਹੂਣਾ ਰੂਪੀ ਮੁਰਦਾਰ ਨਹੀ ਖਾਂਦੇ।
(ਰਾਗ ਮਾਝ, ਗੁਰੂ ਨਾਨਕ)

ਗੁਰੂ ਨਾਨਕ ਨੇ ਸਖ਼ਤ ਅਲਫ਼ਾਜ਼ ਵਿੱਚ ਤਾੜਨਾ ਕੀਤੀ ਕਿ ਕਿਸੇ ਦੇ ਹੱਕ ਨੂੰ ਮਾਰਨਾ ਮੁਰਦਾਰ ਖਾਣ ਵਰਗਾ ਕਰਮ ਹੈ। ਸੱਚੀ-ਸੁੱਚੀ ਜੀਵਨ ਜਾਚ ਹੀ ਮਨੁੱਖਾ ਬੰਦਖ਼ਲਾਸੀ ਦਾ ਰਾਹ ਦਰਸਾਵਾ ਹੋ ਸਕਦੀ ਹੈ। ਮਜ਼ਹਬੀ ਰਹੁ-ਰੀਤਾਂ ਦੇ ਨਾਮ ਉੱਤੇ ਬਦਕਾਰੀਆਂ ਜਾਇਜ਼ ਨਹੀਂ ਹੋ ਜਾਂਦੀਆਂ ਅਤੇ ਨਾ ਹੀ ਰੱਦ ਹੋ ਜਾਂਦੀਆਂ ਹਨ।

ਭਾਈ ਮਰਦਾਨਾ ਨੇ ਪਾਕਪਟਨ ਵਿੱਚ ਬਾਬਾ ਸੇਖ਼ ਫਰੀਦ ਸ਼ਕਰਗੰਜ ਦੀ ਮਜ਼ਾਰ ਦੀ ਜ਼ਿਆਰਤ ਕਰਨ ਦੀ ਇੱਛਾ ਜ਼ਾਹਿਰ ਕੀਤੀ।

ਐਮਨਾਬਾਦ ਤੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਮਖ਼ਦੂਮ ਪੁਰ ਪਾਹੋਰਾਨ, ਹੜੱਪਾ ਅਤੇ ਬੁਰੇਵਾਲਾ ਰਾਹੀਂ ਪਾਕਪਟਨ ਪਹੁੰਚੇ।

ਪੈਦਲ ਅਤੇ ਕਿਸ਼ਤੀ ਰਾਹੀਂ ਸਫ਼ਰ ਕਰਦੇ ਹੋਏ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਰਾਵੀ ਦਰਿਆ ਦੇ ਕੰਢੇ ਵਸੇ ਨਗਰ ਤੁਲੰਬਾ ਵਿਖੇ ਕਿਆਮ ਕੀਤਾ। ਇਹ ਥਾਂ ਹੁਣ ਮਖ਼ਦੂਮ ਪੁਰ ਪਾਹੋਰਾਨ ਵਜੋਂ ਜਾਣੀ ਜਾਂਦੀ ਹੈ।

ਅਸੀਂ ਗੁਰੂ ਨਾਨਕ ਦੀਆਂ ਯਾਦਾਂ ਦੇ ਅਹਿਸਾਸ ਫਰੋਲਣ ਲਈ ਮਖ਼ਦੂਮ ਪੁਰ ਪਾਹੋਰਾਨ ਜਾ ਰਹੇ ਹਾਂ।

**ਅਮਰਦੀਪ ਸਿੰਘ:** ਲਾਹੌਰ ਅਤੇ ਮੁਲਤਾਨ ਵਿੱਚ ਸੌਦਾਗਰੀ ਲਈ ਮਖ਼ਦੂਮ ਪੁਰ ਪਾਹੋਰਾਨ ਅਹਿਮ ਪੜਾਅ ਸੀ। ਮੰਨਿਆ ਜਾਂਦਾ ਹੈ ਕਿ ਇੱਥੇ ਸੱਜਣ ਦੀ ਸਰਾਂ ਸੀ। ਆਪਣੀਆਂ ਬੇਕਾਬੂ ਲਾਲਸਾਵਾਂ ਕਾਰਨ ਉਹ ਸਰਾਂ ਵਿੱਚ ਕਿਆਮ ਕਰਨ ਵਾਲਿਆਂ ਦੀ ਲੁੱਟ-ਮਾਰ ਕਰਦਾ ਸੀ।

ਅਸੀਂ ਉਸ ਥਾਂ ਆਏ ਹਾਂ ਜਿੱਥੇ ਮੰਨਿਆ ਜਾਂਦਾ ਹੈ ਕਿ ਇੱਥੇ ਕਦੇ ਸੱਜਣ ਦੀ ਸਰਾਂ ਸੀ ਅਤੇ ਬਾਅਦ ਵਿੱਚ ਗੁਰਦਵਾਰਾ ਸੀ ਪਰ ਹੁਣ ਸਰਕਾਰੀ ਸਕੂਲ ਚਲਦਾ ਹੈ।

ਸੱਜਣ ਆਪਣੇ-ਆਪ ਨੂੰ ਭਲੇਮਾਨਸ ਵਜੋਂ ਪੇਸ਼ ਕਰਨ ਲਈ ਸੰਤ ਦੇ ਭੇਸ ਵਿੱਚ ਰਹਿੰਦਾ ਸੀ। ਹਰ ਮਜ਼ਹਬ ਦੇ ਮੁਸਾਫ਼ਰਾਂ ਨੂੰ ਭਰਮਾਉਣ ਲਈ ਉਸ ਨੇ ਹਿੰਦੂਆਂ ਲਈ ਮੰਦਿਰ ਅਤੇ ਮੁਸਲਮਾਨਾਂ ਲਈ ਮਸਜਿਦ ਬਣਵਾਈ ਹੋਈ ਸੀ। ਮੁਸਾਫ਼ਰਾਂ ਨੂੰ ਆਪਣੇ ਪਾਸੇ ਖਿੱਚਣ ਲਈ ਸੱਜਣ ਮੁਫ਼ਤ ਪ੍ਰਸ਼ਾਦੇ ਅਤੇ ਰਿਹਾਇਸ਼ ਦਾ ਲਾਲਚ ਦਿੰਦਾ ਸੀ। ਗੁਰੂ ਨਾਨਕ ਨੇ ਸੱਜਣ ਦੇ ਬਾਣੇ ਵਿੱਚ ਲੁਕੇ ਠੱਗ ਨੂੰ ਪਛਾਣ ਲਿਆ।

**ਅਮਰਦੀਪ ਸਿੰਘ:** ਗੁਰੂ ਨਾਨਕ ਆਪਣੀ ਬਾਣੀ ਦੀ ਤਾਕਤ ਨਾਲ ਸਹਿਜੇ ਹੀ ਬੰਦਿਆਂ ਨੂੰ ਤਬਦੀਲ ਕਰ ਦਿੰਦੇ ਸਨ। ਸੱਜਣ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਕਰਵਾਉਣ ਲਈ ਭਾਈ ਮਰਦਾਨੇ ਨੂੰ ਰਬਾਬ ਵਜਾਉਣ ਲਈ ਕਿਹਾ ਅਤੇ ਦੋਵਾਂ ਨੇ ਗਾਇਆ:

ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ॥
ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ॥
(ਰਾਗ ਸੂਹੀ, ਗੁਰੂ ਨਾਨਕ)

ਚੰਗੇ ਵਿਹਾਰ ਤੋਂ ਬਿਨਾਂ ਸੇਵਾ ਅਤੇ ਗਿਆਨ ਦਾ ਕੋਈ ਮਾਅਨਾ ਨਹੀਂ। ਇੱਕ ਪਾਸੇ ਚੰਗਿਆਈ ਅਤੇ ਦੂਜੇ ਪਾਸੇ ਚਾਲਾਕੀ।
ਨਾਨਕ ਨੇ ਫਰਮਾਇਆ ਕਿ ਸੋਚ-ਵਿਚਾਰ ਨਾਲ ਹੀ ਮਨ ਨੂੰ ਬੁਰੇ ਖ਼ਿਆਲਾਂ ਤੋਂ ਛੁਟਕਾਰਾ ਮਿਲ ਸਕਦਾ ਹੈ।
(ਰਾਗ ਸੂਹੀ, ਗੁਰੂ ਨਾਨਕ)

ਨੇਕ ਜੀਅ ਆਪਣੀ ਜ਼ਮੀਰ ਦੀ ਆਵਾਜ਼ ਸੁਣਦਾ ਹੈ। ਆਤਮ ਪੜਚੋਲ ਰਾਹੀਂ ਹੀ ਮਨ ਨੂੰ ਦੁਨੀਆਵੀ ਲਾਲਸਾਵਾਂ ਤੋਂ ਮੁਕਤੀ ਮਿਲ ਸਕਦੀ ਹੈ।

ਇਨ੍ਹਾਂ ਅਲਫ਼ਾਜ਼ ਨੂੰ ਸੁਣ ਕੇ ਸੱਜਣ ਠੱਗ ਨੂੰ ਆਪਣੀਆਂ ਬਦਕਾਰੀਆਂ ਦਾ ਅਹਿਸਾਸ ਹੋਇਆ ਤਾਂ ਉਸ ਨੇ ਆਪਣੇ ਵਿਹਾਰ ਵਿੱਚ ਤਬਦੀਲੀ ਕੀਤੀ ਜੋ ਉਸ ਦੇ ਨਾਮ ਨਾਲ ਮੇਲ਼ ਖਾਂਦੀ ਸੀ।

**ਅਮਰਦੀਪ ਸਿੰਘ:** ਇਹ ਗੁਰਦਵਾਰਾ ਸੱਜਣ ਦੇ ਬਦਲ ਜਾਣ ਦੀ ਯਾਦ ਵਿੱਚ ਉਸਾਰਿਆ ਗਿਆ ਸੀ।

ਸੱਜਣ ਵਿੱਚ ਆਈ ਤਬਦੀਲੀ ਬਾਰੇ ਵਿਚਾਰ ਕਰਦਾ ਹੋਇਆ ਮੈਂ ਸੋਚਦਾ ਹਾਂ ਕਿ ਬਦਕਾਰੀਆਂ ਕੀ ਹਨ?

ਮਨਮੁਖ ਕੀ ਮਤਿ ਕੂੜਿ ਵਿਆਪੀ॥
ਬਿਨੁ ਹਰਿ ਸਿਮਰਣ ਪਾਪਿ ਸੰਤਾਪੀ॥
(ਰਾਗ ਆਸਾ, ਗੁਰੂ ਨਾਨਕ)

ਬੇਮੁਹਾਰ ਮਨ ਦੀ ਸਿਆਣਪ ਬਦਨੀਅਤੀ ਵਿੱਚ ਲੀਨ ਹੁੰਦੀ ਹੈ।
ਸੋਚ-ਵਿਚਾਰ ਵਿਹੂਣੀ ਸਿਆਣਪ ਬਦਕਾਰੀਆਂ ਨੂੰ ਜਨਮ ਦਿੰਦੀ ਹੈ।
(ਰਾਗ ਆਸਾ, ਗੁਰੂ ਨਾਨਕ)

ਹਉਮੈਂ ਅਤੇ ਲਾਲਚ ਦੇ ਪੱਲੇ ਪਏ ਮਨ ਦਾ ਰੂਹਾਨੀ, ਜਜ਼ਬਾਤੀ ਅਤੇ ਜਿਸਮਾਨੀ ਤਵਾਜ਼ਨ ਡੋਲ ਜਾਂਦਾ ਹੈ। ਇਸ ਨਾਲ ਆਪਣਾ ਅਤੇ ਦੂਜਿਆਂ ਦਾ ਅੰਦਰੂਨੀ ਅਤੇ ਸਰੀਰਕ ਸੰਤੁਲਨ ਵਿਗੜ ਜਾਂਦਾ ਹੈ। ਹਉਮੈਂ ਅਤੇ ਲਾਲਚ ਦੀ ਬੇਕਾਇਦੀਆਂ ਹੀ ਬਦਕਾਰੀਆਂ ਹਨ।

**ਅਮਰਦੀਪ ਸਿੰਘ:** ਮੈਂ ਇਸ ਗੁਰਦਵਾਰੇ ਦੀ ਚਾਰਦਿਵਾਰੀ ਦੇ ਨਾਲ ਬਣੇ ਸਕੂਲ ਦੇ ਕਮਰੇ ਵਿੱਚ ਬੈਠਾ ਹਾਂ ਜੋ ੧੯੧੭ ਵਿੱਚ ਬਣਿਆ ਸੀ। ਇਸ ਇਮਾਰਤ ਦੀ ਉਸਾਰੀ ਕਰਨ ਵਾਲੀ ਬਰਾਦਰੀ ਤਾਂ ੧੯੪੭ ਵਿੱਚ ਇਸ ਥਾਂ ਤੋਂ ਹਿਜਰਤ ਕਰ ਗਈ ਪਰ ਇਹ ਸਕੂਲ ਹਾਲੇ ਵੀ ਵਿਦਿਆ ਦਾ ਪਸਾਰਾ ਕਰਦਾ ਹੈ। ਗੁਰੂ ਨਾਨਕ ਦੀ ਗਿਆਨ ਵਰਤਾਉਣ ਅਤੇ ਵਿਵੇਕ ਦਾਨ ਵਾਲੀ ਰੀਤ ਵਧ-ਫੁਲ ਰਹੀ ਹੈ।

ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥
ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥
(**ਭਗਤ ਕਬੀਰ**)

ਭਗਤ ਕਬੀਰ ਨੇ ਡੂੰਘੀ ਰਮਜ਼ ਫੜੀ ਹੈ, "ਮੇਰਾ ਕੁਝ ਨਹੀਂ, ਸਭ ਤੇਰਾ ਹੈ ਅਤੇ ਮੈਂ ਤੇਰਾ, ਤੇਰੇ ਹਵਾਲੇ ਕੀਤਾ।" ਕਾਦਰ ਦੇ ਹੁਕਮ ਦਾ ਕੌਤਕ ਦੇਖੋ, ਗਿਆਨ ਵਰਤਾਉਣ ਅਤੇ ਵਿਵੇਕ ਦਾਨ ਦਾ ਇੰਤਜ਼ਾਮ ਕਰਨ ਵਾਲੀ ਬਰਾਦਰੀ ਨੇ ਮਨੁੱਖੀ ਭਲੇ ਵਿੱਚ ਹਿੱਸਾ ਪਾ ਦਿੱਤਾ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਮਖ਼ਦੂਮ ਪੁਰ ਪਾਹੋਰਾਨ ਤੋਂ ਹੜੱਪਾ ਲਈ ਚਾਲੇ ਪਾਏ।

ਅਸੀਂ ਹੁਣ ਸਿੰਧੂ ਘਾਟੀ ਸੱਭਿਅਤਾ ਨਾਲ ਜੁੜੇ ਇਤਿਹਾਸਕ ਸ਼ਹਿਰ ਜਾ ਰਹੇ ਹਾਂ। ਖ਼ੁਦਾਈ ਕੀਤਾ ਗਿਆ ਇਹ ਅਸਥਾਨ ੨੦੦੦ ਈਸਾ ਪੂਰਬ ਦਾ ਹੈ। ਅਸੀਂ ਉਸ ਥਾਂ ਆਏ ਹਾਂ ਜਿੱਥੇ ਗੁਰਦਵਾਰਾ ਨਾਨਕਸਰ ਉਸਾਰਿਆ ਗਿਆ ਸੀ ਪਰ ਹੁਣ ਇੱਥੇ ਸਰਕਾਰੀ ਸਕੂਲ ਚਲਦਾ ਹੈ।

**ਅਮਰਦੀਪ ਸਿੰਘ:** ਤੁਲੰਬਾ ਤੋਂ, ਜਿਸ ਨੂੰ ਹੁਣ ਮਖਦੂਮ ਪੁਰ ਵਜੋਂ ਜਾਨਿਆ ਜਾਂਦਾ ਹੈ, ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਉੱਤਰ ਵੱਲ, ਰਾਵੀ ਦਰਿਆ ਦੇ ਨਾਲ, ਕਿਸ਼ਤੀ ਰਾਹੀਂ ਜਾਂ ਪੈਦਲ ਯਾਤਰਾ ਕੀਤੀ ਅਤੇ ਉਹ ਹੜੱਪਾ ਸ਼ਹਿਰ ਪਹੁੰਚੇ। ਇਹ ਗੁਰਦਵਾਰਾ ਉਨ੍ਹਾਂ ਦੇ ਹੜੱਪਾ ਵਿਖੇ ਆਉਣ ਦੀ ਯਾਦ ਵਿੱਚ ਬਣਾਇਆ ਗਿਆ।

ੴ ਸਤਿ ਗੁਰ ਪ੍ਰਸਾਦਿ ਅਬਿਚਲ ਨੀਵ ਧਰੀ ਗੁਰ ਨਾਨਕ ਨਿਤ ਨਿਤ ਚੜੇ ਸਵਾਈ॥

ਹਾਜ਼ਰਾ-ਹਜ਼ੂਰ ਦਾ ਅਹਿਸਾਸ ਸੱਚੇ ਗੁਰੂ ਦੀ ਅਗਵਾਈ ਨਾਲ ਹੁੰਦਾ ਹੈ।

ਇਹ ਅਡੋਲ ਨੀਂਹ ਗੁਰੂ ਨਾਨਕ ਨੇ ਧਰੀ ਹੈ ਜੋ ਰੋਜ਼ਾਨਾ ਸਵਾਈ ਹੁੰਦੀ ਜਾਂਦੀ ਹੈ। ਇਹ ਨੀਹ ਪੱਥਰ ਕਾਮਾਲੀਆ ਪਿੰਡ ਦੇ ਸ਼੍ਰੀਮਾਨ ਸੰਤ ਸੰਗਤ ਸਿੰਘ ਜੀ ਮਹਾਰਾਜ ਨੇ ਰੱਖਿਆ ਸੀ।

੧੯੪੭ ਦੀ ਵੰਡ ਤੋਂ ਬਾਅਦ ਇਸ ਖਿੱਤੇ ਵਿੱਚੋਂ ਹਿਜਰਤ ਹੋਈ ਅਤੇ ਮੁਹਾਜਿਰ ਆ ਕੇ ਵਸ ਗਏ। ਇਹ ਅਸਥਾਨ ਕਈ ਸਾਲ ਬੇਆਬਾਦ ਰਿਹਾ ਪਰ ਮੁੜ ਕੇ ਇੱਥੋਂ ਗਿਆਨ ਵਰਤਾਉਣ ਦਾ ਸਚਿਆਰਾ ਕੰਮ ਸ਼ੁਰੂ ਹੋ ਗਿਆ।

ਇਨ੍ਹਾਂ ਵਿਦਿਆਰਥੀਆਂ ਨੂੰ ਇਮਤਿਹਾਨ ਲਿਖਦੇ ਦੇਖ ਕੇ ਮੈਂ ਸੋਚਦਾ ਹਾਂ ਕਿ ਮੌਜੂਦਾ ਦੌਰ ਦਾ ਖ਼ੌਫ਼ ਪੈਦਾ ਕਰਨ ਵਾਲਾ ਮੁਕਾਬਲੇਬਾਜ਼ੀ ਦਾ ਇੰਤਜ਼ਾਮ ਸਮਾਜ ਦੇ ਵਡੇਰੇ ਭਲੇ ਵਿੱਚ ਕਿੰਨਾ ਕੁ ਸਹਾਈ ਹੋਵੇਗਾ?

ਅਗਮ ਅਗੋਚਰ ਅਲਖ ਅਪਾਰਾ ਚਿੰਤਾ ਕਰਹੁ ਹਮਾਰੀ॥
ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਘਟਿ ਘਟਿ ਜੋਤਿ ਤੁਮ੍ਾਰੀ॥
(ਰਾਗ ਬਿਲਾਵਲ, ਗੁਰੂ ਨਾਨਕ)

ਅਥਾਹ, ਅਬੋਧ, ਅਕਹਿ ਅਤੇ ਅਨੰਤ ਨੇ ਮੇਰੇ ਸੰਸੇ ਹਰ ਲੈਣੇ ਹਨ।
ਸਮੁੰਦਰਾਂ, ਥਲਾਂ ਅਤੇ ਖ਼ਲਾਵਾਂ ਵਿੱਚ ਸਰਬ-ਵਿਆਪਕ ਦਾ ਵਾਸਾ ਹੈ ਜਿਸ ਦੀ ਜੋਤ ਹਰ ਜੀਅ ਵਿੱਚ ਹੈ।
(ਰਾਗ ਬਿਲਾਵਲ, ਗੁਰੂ ਨਾਨਕ)

ਹਰ ਹਾਲਤ ਵਿੱਚ ਸਾਨੂੰ ਸੰਜੀਦਾ ਉਪਰਾਲੇ ਕਰਨੇ ਚਾਹੀਦੇ ਹਨ ਅਤੇ ਬੇਵਿਸਾਹੀ ਦੇ ਖ਼ੌਫ਼ ਤੋਂ ਬੇਪਰਵਾਹ ਰਹਿਣਾ ਚਾਹੀਦਾ ਹੈ। ਮੁਕਾਮੀ ਰੀਤ ਮੁਤਾਬਕ ਗੁਰੂ ਨਾਨਕ ਅਤੇ ਭਾਈ ਮਰਦਾਨਾ ਹੜੱਪਾ ਤੋਂ ਬੁਰੇਵਾਲਾ ਲਾਗੇ ਹਜ਼ਰਤ ਬਾਬਾ ਹਾਜੀ ਸ਼ੇਰ ਦਾ ਮਜ਼ਾਰ ਦੇਖਣ ਗਏ।

**ਅਮਰਦੀਪ ਸਿੰਘ:** ਅਸੀਂ ਬੁਰੇਵਾਲਾ ਜਾ ਰਹੇ ਹਾਂ ਜਿਥੇ ਅਸੀ ਬਾਬਾ ਰਫ਼ੀਕ ਦੁਖੀ ਨੂੰ ਮਿਲਾਂਗੇ। ਉਨ੍ਹਾਂ ਨੇ ਬਾਬਾ ਹਾਜੀ ਸ਼ੇਰ ਦਾ ਅਸਥਾਨ ਅਤੇ ਬੁਰੇਵਾਲਾ ਦਾ ਗੁਰਦਵਾਰਾ ਦਿਖਾਉਣ ਦੀ ਸਾਡੀ ਬੇਨਤੀ ਪ੍ਰਵਾਨ ਕੀਤੀ ਹੈ।

ਆਸ਼ਿਕ ਨਮਾਜ਼ ਪੜ੍ਹਦੇ ਹਨ ਆਜ਼ਾਨ ਤੋਂ ਬਗ਼ੈਰ॥
ਇਸ ਇਸ਼ਕ ਨਮਾਜ਼ ਦੇ ਵਿੱਚ ਸੱਜਣਾ॥
ਹੱਥ ਬੰਨਣੇ-ਛਡਣੇ ਨਹੀ ਪੈਂਦੇ॥
ਜਦੋਂ ਬੈਠਾ ਸਾਮਣੇ ਲਾਲ ਹੋਵੇ॥
ਫਿਰ ਮਥੜੇ ਬਨਨੇ ਨਹੀ ਪੈਂਦ॥

**ਅਮਰਦੀਪ ਸਿੰਘ:** ਸਲਾਮ ਬਾਬਾ ਜੀ। ਕੀ ਹਾਲ ਹੈ?
**ਬਾਬਾ ਰਫ਼ੀਕ ਦੁਖੀ:** ਠੀਕ ਹੋ।
**ਅਮਰਦੀਪ ਸਿੰਘ:** ਤੁਸੀਂ।
**ਬਾਬਾ ਰਫ਼ੀਕ ਦੁਖੀ:** ਹਾਂ ਜੀ, ਠੀਕ-ਠਾਕ।

ਆਸ਼ਿਕ ਨਮਾਜ਼ ਪੜ੍ਹਦੇ, ਆਜ਼ਾਨ ਤੋਂ ਬਗ਼ੈਰ॥
ਇਹ ਰਾਜ਼ ਸ਼ਾਇਦ ਤੇਰੀ ਸਮਝ ਵਿੱਚ ਨਹੀਂ ਆਏਗਾ॥

ਹਜ਼ਰਤ ਬਾਬਾ ਹਾਜੀ ਸ਼ੇਰ ਬਰੇ-ਸਗੀਰ ਦੇ ਮੁੱਢਲੇ ਮੁਸਲਿਮ ਸੰਤਾਂ ਵਿੱਚੋਂ ਸਨ। ਉਨ੍ਹਾਂ ਨੇ ਰਹੱਸਵਾਦ ਵਿੱਚ ਮਗਨ ਆਪਣੀ ਜ਼ਿੰਦਗੀ ਇਸ ਪਿੰਡ ਵਿਖੇ ਗੁਜ਼ਾਰੀ ਅਤੇ ੭੩੦ ਸਦੀ ਵਿੱਚ ਆਖ਼ਰੀ ਸਾਹ ਲਿਆ।

ਕੋਈ ਪੀਰ ਮਿਲਾ ਮੈਨੂੰ॥
ਅਲੀ ਪਾਕ ਮੁਹੰਮਦ ਦਾ ਕੋਈ ਪੀਰ ਮਿਲਾ ਮੈਨੂੰ॥
ਪੀਰਾਂ ਵਿੱਚੋਂ ਪੀਰ ਮੇਰਾ ਇੱਕੋ ਹੈ ਵਲੀ॥
ਪੰਜ ਨਾਅਰਾ ਪੰਜ ਤਨੀ ਇੱਕੋ ਨਾਅਰਾ ਹੈਦਰੀ॥

ਕਈ ਵਾਰ ਰਹੱਸਮਈ ਅਜ਼ਮਾਇਸ਼ਾਂ ਵਿੱਚ ਵਿਸਮਾਦੀ ਪਲ ਆਉਂਦੇ ਹਨ ਜਦੋਂ ਅਜ਼ਮਾਇਸ਼ੀ ਜੀਅ ਬੇਖ਼ੁਦੀ ਵਾਲੀ ਹਾਲਤ ਵਿੱਚ ਪਹੁੰਚ ਜਾਂਦੇ ਹਨ।

ਸੋ ਕਹੀਐ ਦੇਵਾਨਾ ਆਪੁ ਨ ਪਛਾਣਈ॥
(ਰਾਗ ਮਾਝ, ਗੁਰੂ ਨਾਨਕ)

ਜਿਹੜੇ ਆਪਣੇ ਸੱਚ ਨੂੰ ਨਾ ਪਛਾਣਨ ਉਹ ਭੁੱਲੇ ਸੱਦੀਂਦੇ ਹਨ।
(ਰਾਗ ਮਾਝ, ਗੁਰੂ ਨਾਨਕ)

ਬਰੇ-ਸਗੀਰ ਦੀ ਰੂਹਾਨੀ ਰਵਾਇਤ ਵਿੱਚ ਦੀਵਾਨਾ ਹੋਣ ਦਾ ਮਤਲਬ ਕਮਲਾ ਹੋਣ ਵਰਗਾ ਹੈ ਜੋ ਆਪਣੇ-ਆਪ ਉੱਤੇ ਕਾਬੂ ਗੁਆ ਦਿੰਦਾ ਹੈ। ਗੁਰੂ ਨਾਨਕ ਲਈ ਦੀਵਾਨਗੀ ਦੀ ਹਾਲਤ ਦਾ ਮਾਅਨਾ ਆਪਣੀ ਖ਼ੁਦੀ ਦੇ ਸੱਚ ਦੀ ਸ਼ਨਾਖ਼ਤ ਕਰਨ ਵਿੱਚ ਨਾਕਾਮਯਾਬ ਹੋਣਾ ਹੈ। ਵਿਸਮਾਦੀ ਪਲ ਉਹ ਹੈ ਜਦੋਂ ਕਿਸੇ ਨੂੰ ਆਪਣੇ ਅੰਦਰ ਤਬਦੀਲੀ ਦਾ ਅਹਿਸਾਸ ਹੁੰਦਾ ਹੈ।

**ਬਾਬਾ ਰਫ਼ੀਕ ਦੁਖੀ:** ਦਿਵਾਨ ਬਾਬਾ ਹਾਜੀ ਸ਼ੇਰ ਬਰੇ-ਸਗੀਰ ਪਹਿਲੇ ਵਲੀ ਹਨ। ਗੁਰੂ ਨਾਨਕ ਸਾਹਿਬ ਇੱਥੇ ਤਸ਼ਰੀਫ਼ ਲਿਆਏ। ਸਾਂਝੀਵਾਲਤਾ ਵਾਸਤੇ। ਗੁਰੂ ਸਾਹਿਬ ਦੀ ਸਭ ਤੋਂ ਵੱਡੀ ਗੱਲ ਜਿਹੜੀ ਮੈਨੂੰ ਪਿਆਰੀ ਲਗਦੀ ਹੈ, ਕਿ ਹਲਾਲ ਕਮਾਓ, ਵੰਡ ਕੇ ਖਾਓ। ਸਾਡੇ ਵਲੀਆਂ ਦਾ ਵੀ ਇਹੋ ਤਰੀਕਾ ਰਿਹਾ, ਹੈ ਅਤੇ ਰਹੇਗਾ।

ਬਾਬਾ ਰਫ਼ੀਕ ਦੁਖੀ ਸਾਨੂੰ ਗੁਰਦਵਾਰੇ ਲੈ ਗਏ ਜੋ ਉੱਨੀ ਸੌ ਸੰਤਾਲੀ ਵਿੱਚ ਵੀਰਾਨ ਹੋ ਗਿਆ ਸੀ।

**ਅਮਰਦੀਪ ਸਿੰਘ:** ਇਹ ਗੁਰਦਵਾਰਾ ਹਜ਼ਰਤ ਬਾਬਾ ਹਾਜੀ ਸ਼ੇਰ ਦੀ ਮਜ਼ਾਰ ਦੇ ਲਾਗੇ ਗੁਰੂ ਨਾਨਕ ਦੇ ਆਉਣ ਦੀ ਯਾਦ ਵਿੱਚ ਬਣਾਇਆ ਗਿਆ ਸੀ।
**ਅਮਰਦੀਪ ਸਿੰਘ:** ਸਲਾਮ ਬਾਬਾ ਜੀ।
**ਭਦਰ ਦੇਵਾਨ:** ਸਲਾਮ।
**ਅਮਰਦੀਪ ਸਿੰਘ:** ਠੀਕ ਹੋ ਜੀ?
**ਭਦਰ ਦੇਵਾਨ:** ਤੁਸੀਂ ਆਪਣੀ ਦੱਸੋ? ਆਪਦੇ ਪਰਿਵਾਰ ਦੀ ਦੱਸੋ?
**ਅਮਰਦੀਪ ਸਿੰਘ:** ਬਸ ਬਾਬਾ ਜੀ। ਬਹੁਤ ਚੰਗਾ ਲੱਗਿਆ ਤੁਹਾਨੂੰ ਮਿਲ ਕੇ।ਤੁਸੀ ਬੁਰੇਵਾਲਾ ਕਦੋਂ ਤੋਂ ਰਹਿੰਦੇ ਹੋ? ਮੇਰੀ ਉਮਰ ਇਸ ਵੇਲੇ ਪਚਾਸੀ-ਛਿਆਸੀ ਸਾਲ ਹੈ। ਸਾਡੇ ਬਜ਼ੁਰਗ ਇੱਥੇ ਰਹਿੰਦੇ ਸੀ।ਇਹ ਜਗ੍ਹਾ ਬਾਬਾ ਨਾਨਕ ਸਾਹਿਬ ਦੀ ਬੈਠਕ ਹੈ। ਇੱਥੇ ਜਦੋਂ ਨਾਨਕ ਸਾਹਿਬ ਆਏ ਤਾਂ ਉਹ ਸਾਰੇ ਇਲਾਕੇ ਵਿੱਚ ਫਿਰੇ ਸਨ। ਇਥੇ ਸਾਡੇ ਕੋਲ ਚਾਰ-ਪੰਜ ਸਿੱਖ ਰਹਿੰਦੇ ਸਨ। ਭਾਈ ਚੇਤਰ ਸਿੰਘ, ਗੁਰਬਖਸ਼ ਸਿੰਘ, ਦਾਤਾਰ ਸਿੰਘ ਤੇ ਹਰਨਾਮ ਸਿੰਘ। ਇਨਕਲਾਬ (ਵੰਡ) ਦੌਰਾਨ ਉਹ ਪਾਨੀਪਤ-ਕਰਨਾਲ ਚਲੇ ਗਏ।
**ਅਮਰਦੀਪ ਸਿੰਘ:** ਤੁਹਾਨੂੰ ਕੀ ਲਗਦਾ, ਗੁਰੂ ਨਾਨਕ ਇਥੇ ਕਿਉਂ ਆਏ ਹੋਣਗੇ?
**ਭਦਰ ਦੇਵਾਨ:** ਜਦੋਂ ਉਹ ਤਲਵੰਡੀ ਜ਼ਿਲ੍ਹਾ ਸ਼ੇਖੂਪੁਰ, ਜਿੱਥੇ ਨਨਕਾਣਾ ਸਾਹਿਬ ਦਾ ਦਰਬਾਰ ਹੈ, ਉੱਥੋਂ ਆਏ ਸਨ। ਇੱਥੇ ਪੇਸ਼ ਕੀਤਾ। ਸਵਾਲ ਪੇਸ਼ ਕੀਤਾ। ਸਾਹਿਬ ਦੀਆਂ ਦੋ ਹੱਦਾਂ। ਕਿਸ ਨੂੰ ਪਕੜਾ, ਤੇ ਕਿਸ ਨੂੰ ਛੱਡਾਂ। ਇਸ਼ਾਰਾ ਹੋਇਆ ਕਿ ਨਾਨਕ ਸਾਹਿਬ ਦੀਆਂ ਦੋ ਹੱਦਾਂ। ਸੱਚ ਨੂੰ ਪਕੜ, ਤੇ ਕੂੜ ਨੂੰ ਛੱਡ।

ਗੁਰੂ ਨਾਨਕ ਦੇ ਕਦਮਾ ਉੱਤੇ ਅਸੀਂ ਬੁਰੇਵਾਲਾ ਤੋਂ ਨਾਨਕ ਟਿੱਬਾ ਜਾ ਰਹੇ ਹਾਂ। ਇਹ ਪਿੰਡ ਪਾਕਪਟਨ ਦੇ ਲਾਗੇ ਹੈ।

**ਅਮਰਦੀਪ ਸਿੰਘ:** ਬੁਰੇਵਾਲਾ ਤੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਹੜੱਪਾ ਤੋਂ ਪੂਰਬ ਵਾਲੇ ਪਾਸੇ ਅਜੋਧਨ ਗਏ ਜੋ ਹੁਣ ਪਾਕਪਟਨ ਸੱਦੀਂਦਾ ਹੈ। ਉਨ੍ਹਾਂ ਇਸ ਅਸਥਾਨ ਉੱਤੇ ਕਿਆਮ ਕੀਤਾ ਜੋ ਉਸ ਵੇਲੇ ਜੰਗਲ ਸੀ ਅਤੇ ਹੁਣ ਇੱਥੇ ਨਾਨਕ ਟਿੱਬਾ ਨਾਮ ਦਾ ਪਿੰਡ ਆਬਾਦ ਹੈ।

ਸ਼ੇਖ਼ ਇਬਰਾਹਿਮ ਫਰੀਦ ਸਾਨੀ ਦੇ ਸ਼ਾਗਿਰਦ ਸ਼ੇਖ਼ ਕਮਾਲ ਜੰਗਲ ਵਿੱਚ ਲੱਕੜੀ ਇਕੱਠੀ ਕਰ ਰਹੇ ਸਨ ਤਾਂ ਉਨ੍ਹਾਂ ਦੇ ਕੰਨਾਂ ਵਿੱਚ ਗੁਰੂ ਨਾਨਕ ਦੇ ਗਾਇਨ ਦੀ ਆਵਾਜ਼ ਪਈ, ਭਾਈ ਮਰਦਾਨਾ ਰਬਾਬ ਵਜਾ ਰਹੇ ਸਨ।

ਤੂੰ ਆਪੇ ਆਪਿ ਵਰਤਦਾ ਆਪਿ ਬਣਤ ਬਣਾਈ॥

ਤੁਧੁ ਬਿਨੁ ਦੂਜਾ ਕੋ ਨਹੀ ਤੂ ਰਹਿਆ ਸਮਾਈ॥
(ਰਾਗ ਮਲਾਰ, ਗੁਰੂ ਨਾਨਕ)

ਤੂੰ ਆਪ ਸਰਬ-ਵਿਆਪਕ ਹੈਂ ਅਤੇ ਸਾਰੀ ਕਾਇਨਾਤ ਦਾ ਸਿਰਜਣਹਾਰ ਹੈਂ।
ਤੈਥੋਂ ਬਿਨਾਂ ਕੋਈ ਹੋਰ ਨਹੀਂ। ਤੂੰ ਕਣ-ਕਣ ਵਿੱਚ ਸਮਾਇਆ ਹੈਂ।
(ਰਾਗ ਮਲਾਰ, ਗੁਰੂ ਨਾਨਕ)

ਇਸ ਸ਼ਬਦ ਦਾ ਸਾਰ ਸੀ ਕਿ ਪੂਰੀ ਕਾਇਨਾਤ ਉਸੇ ਹਾਜ਼ਰਾ-ਹਜ਼ੂਰ ਦੀ ਨੁਮਾਇੰਦਗੀ ਕਰਦੀ ਹੈ। ਗੁਰੂ ਨਾਨਕ ਅਤੇ ਭਾਈ ਮਰਦਾਨਾ ਨੂੰ ਸੁਣਨ ਦਾ ਅਹਿਸਾਸ ਸਾਂਝਾ ਕਰਨ ਲਈ ਸ਼ੇਖ਼ ਕਮਾਲ ਭੱਜੇ-ਭੱਜੇ ਸ਼ੇਖ਼ ਇਬਰਾਹਿਮ ਕੋਲ ਪੁੱਜੇ।

ਸ਼ੇਖ਼ ਇਬਰਾਹਿਮ ਨੂੰ ਸ਼ੇਖ਼ ਬ੍ਰਹਮ ਵੀ ਕਹਿੰਦੇ ਸਨ ਅਤੇ ਉਹ ਬਾਬਾ ਸ਼ੇਖ਼ ਫਰੀਦ ਦੀ ਗੱਦੀ ਉੱਤੇ ੧੨ਵੇਂ ਜਾਂਨਸ਼ੀਨ ਸਨ।

ਸ਼ੇਖ਼ ਇਬਰਾਹਿਮ ਨੇ ਗੁਰੂ ਨਾਨਕ ਅਤੇ ਭਾਈ ਮਰਦਾਨਾ ਦਾ ਨਿੱਘਾ ਸੁਆਗਤ ਅਤੇ ਮੇਜ਼ਬਾਨੀ ਕੀਤੀ। ਉਨ੍ਹਾਂ ਨੇ ਕੁਝ ਦਿਨ ਪਾਕਪਟਨ ਵਿੱਚ ਕਿਆਮ ਕੀਤਾ।

ਹੁਣ ਅਸੀਂ ਬਾਬਾ ਫਰੀਦ ਦੇ ਮਜ਼ਾਰ ਉੱਤੇ ਜਾ ਰਹੇ ਹਾਂ ਜੋ ਪਾਕਪਟਨ ਸ਼ਹਿਰ ਦੇ ਵਿਚਕਾਰ ਹੈ।

ਗੰਜਿ-ਸ਼ਕਰ (ਬਾਬਾ ਫਰੀਦ) ਵਲੀਆਂ ਦਾ ਰਾਜਾ॥

ਇਸ ਸ਼ਹਿਰ ਵਿੱਚ ਵੱਡੀ ਗਿਣਤੀ ਵਿੱਚ ਜ਼ਿਆਰਤੀ ਆਪਣੇ ਮਹਿਬੂਬ ਚਿਸ਼ਤੀ ਸੂਫ਼ੀ ਸੰਤ ਦੀ ਅਕੀਦਤ ਲਈ ਆਉਂਦੇ ਹਨ।

ਬਾਬਾ (ਫਰੀਦ) ਮੇਰਾ ਸਭ ਵਲੀਆਂ ਦਾ ਰਾਜਾ॥

ਤੇਰ੍ਹਵੀਂ ਸਦੀ ਦੇ ਚਿਸ਼ਤੀ ਸੂਫ਼ੀ ਸਿਲਸਿਲੇ ਵਾਲੇ ਬਾਬਾ ਸ਼ੇਖ਼ ਫਰੀਦ ਦਾ ਕੱਦ ਅਕੀਦਤ ਦੀ ਦੁਨੀਆ ਵਿੱਚ ਬਹੁਤ ਉੱਚਾ ਹੈ। ਉਨ੍ਹਾਂ ਦੇ ਸ਼ਬਦਾਂ ਦੀ ਮਿਠਾਸ ਦਾ ਬਿਆਨ ਨਾਮੁਮਕਿਨ ਹੈ। ਦਇਆਵਾਨ ਅਮਲਾਂ, ਬੇਗ਼ਰਜ਼ ਸੇਵਾ ਦੇ ਨਿੱਘ ਅਤੇ ਸਮੁੰਦਰ ਜਿਹੀ ਖੁੱਲ੍ਹ-ਦਿਲੀ ਰਾਹੀਂ ਉਨ੍ਹਾਂ ਗੰਜਿ-ਸ਼ਕਰ ਦਾ ਲਕਬ ਕਮਾਇਆ।

ਬਾਬਾ ਫਰੀਦ ਦੇ ਮਜ਼ਾਰ ਉੱਤੇ ਸਾਨੂੰ ਦੀਵਾਨ ਸ਼ਾਹਬੂਦੀਨ ਬਖ਼ਤਿਆਰ ਚਿਸ਼ਤੀ ਮਿਲੇ।

**ਦੀਵਾਨ ਸ਼ਾਹਬੂਦੀਨ ਬਖ਼ਤਿਆਰ ਚਿਸ਼ਤੀ:** ਬਿਸਮਿੱਲਾਆਇ-ਰਹਿਮਾਨਿ-ਰਹੀਮ: ਮੇਰਾ ਨਾਮ ਦੀਵਾਨ ਸ਼ਾਹਬੂਦੀਨ ਬਖ਼ਤਿਆਰ ਚਿਸ਼ਤੀ ਹੈ। ਮੈਂ ਹਜ਼ਰਤ ਬਾਬਾ ਫਰੀਦੁੱਦੀਨ ਮਸੂਦ ਗੰਜਿ-ਸ਼ਕਰ ਦੇ ਅੰਸ਼ ਵਿੱਚੋਂ

੨੭ਵੀਂ ਪੀੜ੍ਹੀ ਵਿੱਚੋ ਹਾਂ। ਹਜ਼ਰਤ ਬਾਬਾ ਫਰੀਦੁੱਦੀਨ ਦਾ ਸਮਾਂ ੧੧੭੩-੧੨੬੬ ਸੀ। ਉਨ੍ਹਾਂ ਦਾ ਸੂਫ਼ੀ ਫ਼ਲਸਫ਼ਾ ਕਾਇਨਾਤ ਦੀ ਵਹਾਦਤ ਬਾਰੇ ਹੈ।

**ਅਮਰਦੀਪ ਸਿੰਘ:** ਅਤੇ ਏਹ ਫ਼ਲਸਫ਼ਾ ਗੁਰੂ ਨਾਨਕ ਦਾ ਵੀ ਹੈ। ਉਹ ਮੂਲ ਮੰਤਰ ੴ ਨਾਲ ਸ਼ੁਰੂ ਕਰਦੇ ਹਨ। ਇੱਕ ਦਾ ਹਿੰਦਸਾ ਏਕੇ ਦਾ ਲਖਾਇਕ ਹੈ। ਬਾਬਾ ਫਰੀਦ ਦੇ ਸ਼ਬਦ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਿਲ ਹਨ। ਇੱਥੇ ਖੜ੍ਹੋ ਕੇ ਮੈਂ ਮਜ਼ਾਰ ਦੀ ਕੰਧ ਉੱਤੇ ਉਰਦੂ ਵਿੱਚ ਲਿਖਿਆ ਪੜ੍ਹ ਸਕਦਾ ਹਾਂ

ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ॥
ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ॥
(ਸ਼ੇਖ਼ ਫਰੀਦ)

ਫਰੀਦ ਨੇ ਫਰਮਾਇਆ ਕਿ ਸਿਰਜਣਹਾਰ ਸਿਰਜਣਾ ਵਿੱਚ ਹੈ ਅਤੇ ਸਿਰਜਣਾ ਸਿਰਜਣਹਾਰ ਵਿੱਚ ਸਮਾਈ ਹੈ।
ਜਦੋਂ ਸਭ ਉਸੇ ਦੀ ਵਜ਼ਾਹਤ ਹੈ ਤਾਂ ਮੰਦਾ ਕਿਸ ਨੂੰ ਆਖਣਾ ਹੈ?
(ਸ਼ੇਖ਼ ਫਰੀਦ)

**ਅਮਰਦੀਪ ਸਿੰਘ:** ਇਹ ਇੱਕੋ ਗੱਲ ਹੈ।

ਤੇਰਾ ਪਾਕਪਟਨ ਸੁਬਹਾਨ ਅੱਲਾ॥
ਜੇਹੜਾ ਵੇਖੇ ਲੇਵੇ ਓਦੀ ਈਦ ਹੋਵੇ॥
ਬਾਬਾ (ਫਰੀਦ) ਮੇਰਾ ਸਭ ਵਲੀਆਂ ਦਾ ਰਾਜਾ॥

**ਦੀਵਾਨ ਸ਼ਾਹਬੁਦੀਨ ਬਖ਼ਤਿਆਰ ਚਿਸ਼ਤੀ:** ਇਹ ਹਜ਼ਰਤ ਬਾਬਾ ਫਰੀਦੁੱਦੀਨ ਮਸੂਦ ਗੰਜਿ-ਸ਼ਕਰ ਦੀ ਮਜ਼ਾਰ ਹੈ।

ਬਾਬਾ (ਫਰੀਦ) ਮੇਰਾ ਸਭ ਵਲੀਆਂ ਦਾ ਰਾਜਾ॥

**ਦੀਵਾਨ ਸ਼ਾਹਬੁਦੀਨ ਬਖ਼ਤਿਆਰ ਚਿਸ਼ਤੀ:** ਇਹ ਹਜ਼ਰਤ ਬਾਬਾ ਫਰੀਦੁੱਦੀਨ ਦੀ ਮਜ਼ਾਰ ਹੈ ਅਤੇ ਇਹ ਉਨ੍ਹਾਂ ਦੇ ਸਪੁੱਤਰ 'ਸ਼ਹਿਜ਼ਾਦਾ ਨਸ਼ੀਨ' ਹਜ਼ਰਤ ਬਦਰੁਦੀਨ ਸੁਲੇਮਾਨ ਦੀ ਮਜ਼ਾਰ ਹੈ।

ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ॥
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ॥
ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ॥
ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ॥
(ਸ਼ੇਖ ਫਰੀਦ)

ਫਰੀਦ ਨੇ ਫਰਮਾਇਆ ਕਿ ਸ਼ੱਕਰ, ਖੰਡ, ਗੁੜ, ਸ਼ਹਿਦ ਅਤੇ ਦੁੱਧ,
ਭਾਵੇਂ ਇਹ ਸਬ ਮਿੱਠੇ ਹਨ ਪਰ ਇਨ੍ਹਾਂ ਦਾ ਮਿਠਾਸ ਇਲਾਹੀ ਮਿਠਾਸ ਦੇ ਬਰਾਬਰ ਨਹੀਂ ਹੈ।
ਫਰੀਦ ਨੇ ਫਰਮਾਇਆ ਕਿ ਸਾਦਗੀ ਨਾਲ ਮੈਨੂੰ ਰੱਜ ਆ ਜਾਂਦਾ ਹੈ।
ਦੁਨਿਆਵੀ ਲਾਲਸਾਵਾਂ ਨਾਲ ਘਣੇ ਦੁੱਖ ਝੱਲਣੇ ਪੈਂਦੇ ਹਨ।
(ਸ਼ੇਖ ਫਰੀਦ)

ਆਪਣੇ ਸੁਭਾਅ ਦੇ ਖ਼ਾਸੇ ਮੁਜਬ ਬਾਬਾ ਸ਼ੇਖ਼ ਫਰੀਦ ਨੇ ਜ਼ੋਰਵਾਨ ਨੂੰ ਹਲੀਮੀ ਧਾਰਨ ਕਰਨ ਦਾ ਸੁਝਾਅ ਦਿੱਤਾ। ਕੰਗਾਲ ਹੋਣ ਦੇ ਬਾਵਜੂਦ ਵੰਡ ਲਓ। ਕਿਸੇ ਨੂੰ ਮੰਦਾ ਨਾ ਬੋਲੋ ਕਿਉਂਕਿ ਕਾਦਰ ਹਰ ਜੀਅ ਵਿੱਚ ਵੱਸਦਾ ਹੈ। ਇਹੋ ਸੱਚੇ ਸ਼ਰਧਾਲੂ ਦੇ ਗੁਣ ਹਨ।

ਪ੍ਰਸ਼ਾਦਾ ਪਿਆਰ ਦਾ ਇਜ਼ਹਾਰ ਹੈ। ਅਤੁੱਟ ਲੰਗਰ ਦੀ ਰੀਤ ਬਾਬਾ ਫਰੀਦ ਦੀ ਤਰਜ਼ਿ-ਜ਼ਿੰਦਗੀ ਦੇ ਬੁਨਿਆਦੀ ਅਸੂਲਾਂ ਵਿੱਚ ਸ਼ੁਮਾਰ ਸੀ ਜੋ ਪੰਜਾਬੀ ਸੱਭਿਆਚਾਰ ਦੀ ਤਸਦੀਕੀ ਮੋਹਰ ਬਣ ਗਈ। ਇਸ ਵੇਲੇ 'ਲੰਗਰ' ਦੀ ਰੀਤ ਪਾਕਪਟਨ ਦੀ ਹਰ ਗਲੀ ਅਤੇ ਨੁੱਕਰ ਵਿੱਚ ਸਾਹ ਲੈਂਦੀ ਹੈ ਜਿਸ ਨੂੰ ਗੰਜ਼ਿ-ਸ਼ਕਰ ਨੇ ਅਦਾਰੇ ਦੀ ਸੂਰਤ ਦਿੱਤੀ ਸੀ।

**ਅਮਰਦੀਪ ਸਿੰਘ:** ਲੰਗਰ ਦੀ ਰੀਤ, ਵੰਡ ਕੇ ਛਕਣ ਦਾ ਖ਼ਿਆਲ ਰੂਹਾਨੀ ਝੁਕਾਅ ਵਾਲੇ ਸੰਤਾਂ ਦੀ ਸਾਂਝੀ ਤੰਦ ਹੈ। ਪਾਕਪਟਨ ਵਿਚ, ਬਾਬਾ ਫਰੀਦ ਦੇ ਦਰਬਾਰ ਤੇ, ਏ ਮੇਰੀ ਖੁਸ਼ਨਸੀਬੀ ਡੈ - ਕਿ ਮੈ ਬਾਕੀਆਂ ਨਾਲ ਰਲ਼ ਕੇ ਲੰਗਰ ਛਕ ਰਿਹਾ ਹਾਂ।

ਬਾਬਾ ਫਰੀਦ ਦੀ ਪੰਜਾਬੀ ਸਾਹਿਤ ਨੂੰ ਵਡਮੁੱਲੀ ਦੇਣ ਹੈ। ਉਨ੍ਹਾਂ ਨੇ ਆਪਣੀ ਬਾਣੀ ਨੂੰ ਪੰਜਾਬੀ ਦਾ ਬਾਣਾ ਪਹਿਨਾਇਆ ਤਾਂ ਜੋ ਰੂਹਾਨੀ ਸੁਨੇਹਾ ਆਵਾਮ ਤੱਕ ਪਹੁੰਚੇ।

ਇਸ ਦਰਗਾਹ ਉੱਤੇ ਕੱਵਾਲੀਆਂ ਦੀ ਗੂੰਜ ਪੈਂਦੀ ਹੈ। ਇਨ੍ਹਾਂ ਕੱਵਾਲਾਂ ਨੇ ਪੀੜ੍ਹੀ ਦਰ ਪੀੜ੍ਹੀ ਸੂਫ਼ੀ ਸੰਤਾਂ ਦੇ ਸੁਨੇਹੇ ਦੀ ਮੂੰਹ ਜ਼ੁਬਾਨੀ ਧਮਾਲ ਪਾਈ ਹੈ।

ਕਾਗਾ ਸਬ ਤਨ ਖਾਈਓ, ਮੋਰਾ ਚੁਨ ਚੁਨ ਖਾਈਓ ਮਾਸ॥
ਪਰ ਦੋ ਨੈਨਾ ਮਤ ਖਾਈਓ ਇਨ੍ਹਾਂ ਪੀਆ ਮਿਲਣ ਕੀ ਆਸ॥

**ਮਹਿਬੂਬ ਫਰੀਦ ਖਾਨ:** ਸਾਡਾ ਖ਼ਾਨਦਾਨੀ ਸਿਲਸਿਲਾ ਹੈ, ਅਸੀਂ ਜਲੰਧਰ ਘਰਾਣੇ ਦੇ ਹਾਂ। ਸਾਡੇ ਅੱਬਾ ਅਜਦਾਦ ਤਕਰੀਬਨ ਸੱਤ ਸੌ ਸਾਲ ਤੋਂ ਕੱਵਾਲੀ ਸਿਨਫ਼ ਵਿੱਚ ਹਨ। ਜਦੋਂ ਪਾਕਿਸਤਾਨ ਬਣਿਆ ਤਾਂ ਸਾਡੇ ਬਜ਼ੁਰਗ ਇੰਡੀਆ ਤੋਂ ਹਜ਼ੂਰ ਬਾਬਾ ਸਾਹਿਬ ਦੀ ਸੂਫ਼ੀ ਦਰਗਾਹ ਉੱਤੇ ਪਾਕਿਸਤਾਨ ਆ ਗਏ। ਇਨ੍ਹਾਂ ਨਾਲ ਉਨ੍ਹਾਂ ਦੀ ਰੂਹਾਨੀ ਮੁਹੱਬਤ ਸੀ। ਸਾਡੇ ਦਾਦਾ ਜੀ ਇੱਥੇ ਆ ਗਏ, ਵਲੀ ਅੱਲਾ ਦੇ ਕੋਲ। ਫਰੀਦ-ਉਦ-ਦੀਨ ਸ਼ਹਿਨਸ਼ਾਹ ਦੀ ਦਰਗਾਹ ਉੱਤੇ ਫ਼ਰਕ ਕੋਈ ਨਹੀਂ ਹੈ। ਸਭ ਨੂੰ ਮੁਹੱਬਤ, ਭਾਈਚਾਰੇ, ਅਮਨ ਦਾ ਦਰਸ ਹੈ।

ਸੱਤ ਸੌ ਸਾਲ ਗੁਜ਼ਰ ਗਏ ਹਨ। ਇਨਸਾਨੀਅਤ ਦਾ ਦਰਸ ਦੇ ਰਹੇ ਹਨ। ਇਸ ਦਰਗਾਹ ਤੋਂ ਲੋਕਾਂ ਨੂੰ ਓਹੀ ਮੁਹੱਬਤ, ਓਹੀ ਫੈਜ਼ ਮਿਲ ਰਹਿਆ ਹੈ।

ਫਰੀਦਾ ਤੁਰਿਆ ਤੁਰਿਆ ਜਾ॥
ਮਨ ਵਿੱਚ ਵਲ ਨਾ ਪਾ॥

ਫਰੀਦ ਫਰਮਾਉਂਦੇ ਹਨ ਕਿ ਹੇ ਮਨੁੱਖ! ਆਪਣੇ ਏਕੇ ਪੰਧ ਉੱਤੇ ਤੁਰਿਆ ਜਾ।
ਮਨ ਵਿੱਚ ਕੋਈ ਸੰਸਾ ਨਾ ਰੱਖ।

**ਮਹਿਬੂਬ ਫਰੀਦ ਖਾਨ:** ਬਾਬਾ ਜੀ ਅਤੇ ਬਾਬਾ ਗੁਰੂ ਨਾਨਕ ਦਾ ਆਪਸ ਵਿੱਚ ਰੂਹਾਨੀਅਤ ਦਾ ਤਆਲੁੱਕ ਹੈ। ਬਾਬਾ ਜੀ ਗੁਰੁ ਨਾਨਕ ਨੂੰ ਵੀ ਬਾਬਾ ਫਰੀਦ-ਉਦ-ਦੀਨ ਸਰਕਾਰ ਕੋਲੋਂ ਮੁਹੱਬਤ, ਅਮਨ ਅਤੇ ਭਾਈਚਾਰੇ ਦੀ ਖ਼ੁਸ਼ਬੋ ਮਿਲੀ। ਉਹ ਕਹਿੰਦੇ ਸਨ ਕਿ ਇਨਸਾਨੀਅਤ ਸਭ ਤੋਂ ਵੱਡਾ ਮਜ਼ਹਬ ਹੈ। ਇਨਸਾਨੀਅਤ ਨਾਲ ਪਿਆਰ ਅਤੇ ਇਸੇ ਦਾ ਪ੍ਰਚਾਰ ਦੋਵਾਂ ਨੇ ਕੀਤਾ। ਫਰੀਦ-ਉਦ-ਦੀਨ ਸਰਕਾਰ ਅਤੇ ਬਾਬਾ ਗੁਰੂ ਨਾਨਕ ਦੀ ਮੁਹੱਬਤ ਦਾ ਇਜ਼ਹਾਰ ਬਾਬਾ ਫਰੀਦ-ਉਦ-ਦੀਨ-ਸਰਕਾਰ ਬਾਬਾ ਜੀ ਦੇ ਸ਼ਬਦ ਵਜੋਂ ਗੁਰੁ ਗ੍ਰੰਥ ਵਿੱਚ ਹੈ, ਉਹ ਮੈਂ ਪੇਸ਼ ਕਰਦਾ ਹਾਂ,

ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ॥
ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ॥
(ਸ਼ੇਖ ਫਰੀਦ)

ਫਰੀਦ ਫਰਮਾਉਂਦੇ ਹਨ ਕਿ ਖ਼ਾਕ ਦੀ ਨਿੰਦਿਆ ਨਾ ਕਰੋ ਕਿਉਂਕਿ ਖ਼ਾਕ ਤੋਂ ਮਹਾਨ ਕੁਝ ਨਹੀਂ।
ਅਸੀਂ ਜਿੰਨਾ ਸਮਾਂ ਜਿਊਂਦੇ ਹਾਂ ਖ਼ਾਕ ਸਾਡੇ ਪੈਰਾਂ ਹੇਠ ਹੈ ਅਤੇ ਜਿਉਂ ਹੀ ਅਸੀਂ ਫੌਤ ਹੁੰਦੇ ਹਾਂ ਤਾਂ ਇਹ ਸਾਡੇ ਸਿਰਾਂ ਉੱਤੇ ਆ ਜਾਂਦੀ ਹੈ।
(ਸ਼ੇਖ ਫਰੀਦ)

ਫਰੀਦਾ ਤੁਰਿਆ ਤੁਰਿਆ ਜਾ॥
ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ॥
ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ॥
ਫਰੀਦਾ ਤੁਰਿਆ ਤੁਰਿਆ ਜਾ॥
(ਸ਼ੇਖ ਫਰੀਦ)

ਫਰੀਦ ਫਰਮਾਉਂਦੇ ਹਨ ਕਿ ਹੇ ਮਨੁੱਖ! ਆਪਣੇ ਪੰਧ ਉੱਤੇ ਤੁਰਿਆ ਜਾ।
ਮੇਰੇ ਕੱਪੜੇ ਕਾਲੇ ਹਨ ਅਤੇ ਕਾਲਾ ਹੀ ਮੇਰਾ ਵਿਹਾਰ ਹੈ।
ਮੈਂ ਗੁਨਾਹਾਂ ਨਾਲ ਭਰਿਆ ਫਿਰਦਾ ਹਾਂ ਅਤੇ ਇਸ ਦੇ ਬਾਵਜੂਦ ਲੋਕ ਮੈਨੂੰ ਦਰਵੇਸ਼ ਕਹਿੰਦੇ ਹਨ।
ਫਰੀਦ ਫਰਮਾਉਂਦੇ ਹਨ ਕਿ ਹੇ ਮਨੁੱਖ! ਆਪਣੇ ਪੰਧ ਉੱਤੇ ਤੁਰਿਆ ਜਾ।

(ਸ਼ੇਖ ਫਰੀਦ)

**ਅਮਰਦੀਪ ਸਿੰਘ:** ਦੋ ਸੌ ਸਾਲ ਤੋਂ ਜ਼ਿਆਦਾ ਸਮਾਂ ਬਾਬਾ ਫਰੀਦ ਦੇ ਸ਼ਬਦ ਸੀਨਾ-ਬ-ਸੀਨਾ ਅੱਗੇ ਤੁਰਦੇ ਆਏ। ਜਦੋਂ ਗੁਰੂ ਨਾਨਕ ਨੇ ਪਾਕਪਟਨ ਵਿੱਚ ਕਿਆਮ ਕੀਤਾ ਤਾਂ ਉਨ੍ਹਾਂ ਨੇ ਇਹ ਸ਼ਬਦ ਇਕੱਠੇ ਕੀਤੇ ਜੋ ਬਾਅਦ ਵਿੱਚ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਿਲ ਕੀਤੇ ਗਏ। ਗੁਰੂ ਨਾਨਕ ਦੇ ਇੱਥੇ ਆਉਣ ਦੀ ਯਾਦ ਵਿੱਚ ਪਾਕਪਟਨ ਦੇ ਨਾਨਕ ਟਿੱਬਾ ਪਿੰਡ ਵਿੱਚ ਇਹ ਗੁਰਦਵਾਰਾ ਬਣਾਇਆ ਗਿਆ ਸੀ।

ਮੈਂ ਪਾਕਪਟਨ ਤੋਂ ਤੁਰਨ ਵੇਲੇ ਸੋਚ ਰਿਹਾ ਹਾਂ ਕਿ ਬਾਬਾ ਫਰੀਦ ਅਤੇ ਗੁਰੂ ਨਾਨਕ ਦੀਆਂ ਜ਼ਿੰਦਗੀਆਂ ਦਾ ਕੀ ਸਰਮਾਇਆ ਮੈਂ ਆਪਣੇ ਨਾਲ ਲਿਜਾ ਰਿਹਾ ਹਾਂ?

ਤੇਰੇ ਦਰਸਨ ਕਉ ਕੇਤੀ ਬਿਲਲਾਇ॥<br>ਵਿਰਲਾ ਕੋ ਚੀਨਸਿ ਗੁਰ ਸਬਦਿ ਮਿਲਾਇ॥<br>(ਰਾਗ ਬਸੰਤ, ਗੁਰੂ ਨਾਨਕ)

ਹਾਜ਼ਰਾ-ਜ਼ਹੂਰ ਦੇ ਦਰਸ਼ਨਾਂ ਨੂੰ ਬਹੁਤ ਲੋਕ ਬਿਹਬਲ ਹੋਏ ਫਿਰਦੇ ਹਨ।<br>ਕਿਸੇ ਵਿਰਲੇ ਨੂੰ ਹੀ ਸਰਬ-ਵਿਆਪਕ ਦਾ ਅਹਿਸਾਸ ਵਿਵੇਕ ਰਾਹੀਂ ਨਸੀਬ ਹੁੰਦਾ ਹੈ।<br>(ਰਾਗ ਬਸੰਤੁ, ਗੁਰੂ ਨਾਨਕ)

ਵਹਿਦਤ ਦੇ ਅਹਿਸਾਸ ਦੇ ਤਲਬਗਾਰ ਤਾਂ ਬਹੁਤ ਹਨ ਪਰ ਵਿਰਲੇ ਹੀ ਇਸ ਰਾਹ ਉੱਤੇ ਤੁਰਦੇ ਹਨ।

# ਚਰਚਾ ਲਈ ਕੁਝ ਨੁਕਤੇ

## ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

### ਐਪੀਸੋਡ ੩: ਰੂਹਾਨੀ ਰਵਾਨਗੀ (ਆਤਮਿਕ ਪੈਂਡਾ)

ਐਪੀਸੋਡ ਵਿਚ ਚਰਚਾ ਲਈ ਦਿੱਤੇ ਇਹ ਨੁਕਤੇ ਗੁਰੂ ਨਾਨਕ ਦੀ ਪੰਜਾਬ ਵਿਚਲੀ ਉਦਾਸੀ ਦੇ ਇਤਿਹਾਸਕ ਅਤੇ ਦਾਰਸ਼ਨਿਕ ਪਹਿਲੂਆਂ ਨੂੰ ਗਹਿਰਾਈ ਵਿਚ ਜਾਣਨ ਲਈ ਇਕ ਕੀਮਤੀ ਸਰੋਤ ਹਨ। ਇਹ ਐਪੀਸੋਡ ਉਨ੍ਹਾਂ ਦੀਆਂ ਵੱਖ-ਵੱਖ ਰੂਹਾਨੀ ਪਰੰਪਰਾਵਾਂ, ਵਿਸ਼ੇਸ਼ ਤੌਰ 'ਤੇ ਸੂਫ਼ੀ ਪਰੰਪਰਾ ਨਾਲ ਸੰਬੰਧਿਤ ਬਾਬਾ ਫ਼ਰੀਦ ਦੇ ਉੱਤਰਾਧਿਕਾਰੀਆਂ ਨਾਲ ਰਚਾਏ ਅਰਥ ਭਰਪੂਰ ਸੰਵਾਦ ਨੂੰ ਜ਼ਾਹਿਰ ਕਰਦਾ ਹੈ। ਚਰਚਾ ਦੇ ਇਹ ਨੁਕਤੇ ਉਸ ਅੰਤਰ-ਧਾਰਮਿਕ ਸੰਵਾਦ ਅਤੇ ਰੂਹਾਨੀ ਆਦਾਨ-ਪ੍ਰਦਾਨ ਨੂੰ ਪ੍ਰਕਾਸ਼ਿਤ ਕਰਦੇ ਹਨ ਜਿਸ ਰਾਹੀਂ ਗੁਰੂ ਨਾਨਕ ਦੀ ਖੋਜ ਪਰਿਭਾਸ਼ਿਤ ਹੁੰਦੀ ਹੈ। ਇਸ ਤੋਂ ਇਲਾਵਾ, ਇਹ ਉਸ ਗੂੜ ਦਾਰਸ਼ਨਿਕ ਗਿਆਨ ਨੂੰ ਪ੍ਰਗਟ ਕਰਦੇ ਹਨ ਜੋ ਧਾਰਮਿਕ ਸੀਮਾਵਾਂ ਤੋਂ ਪਾਰ ਲੈ ਜਾਂਦਾ ਹਨ। ਇਸ ਯਾਤਰਾ ਰਾਹੀਂ, ਗੁਰੂ ਨਾਨਕ ਇਕ ਰੂਹਾਨੀ ਰਹਿਬਰ, ਸਮਾਜ ਸੁਧਾਰਕ ਅਤੇ ਵੱਖ-ਵੱਖ ਪਰੰਪਰਾਵਾਂ ਵਿਚ ਵਿਆਪਕ ਗਿਆਨ ਨੂੰ ਸੰਭਾਲਣ ਅਤੇ ਇਨ੍ਹਾਂ ਵਿਚ ਪਏ ਸਾਂਝੇ ਧਰਮ-ਤੱਤਾਂ ਦਾ ਮਿਸ਼ਰਣ ਕਰਨ ਵਾਲੇ ਸੰਸਾਥਪਕ ਵਜੋਂ ਉਭਰਦੇ ਹਨ। ਉਨ੍ਹਾਂ ਦੇ ਪਰਿਪੇਖ ਵਿਸ਼ਵ-ਵਿਆਪੀ ਏਕਤਾ, ਇਮਾਨਦਾਰੀ, ਉਦਾਰਤਾ ਅਤੇ ਭਗਤੀ ਵਰਗੇ ਮੂਲ ਤਤਾਂ ਤੇ ਜ਼ੋਰ ਦਿੰਦੇ ਹਨ, ਜੋ ਕੇਵਲ ਬਾਹਰੀ ਕਰਮਕਾਂਡੀ ਪਾਲਣਾ ਤੋਂ ਪਾਰ ਮੂਲ ਤਕ ਜੁੜਣ ਲਈ ਸੇਧਿਤ ਕਰਦੇ ਹਨ।

## ਇਤਿਹਾਸਕ ਚਰਚਾ ਨੁਕਤੇ:

੧. ੧੫੦੪ ਈ. ਦੌਰਾਨ ਸੁਲਤਾਨਪੁਰ ਲੋਧੀ ਤੋਂ ਗੁਰੂ ਨਾਨਕ ਦੇ ਉਦਾਸੀਆਂ ਉਪਰ ਨਿਕਲਣ ਦਾ ਇਤਿਹਾਸਕ ਮਹੱਤਵ ਕੀ ਸੀ?
   ਇਸ ਐਪੀਸੋਡ ਵਿਚ ਦਰਸਾਇਆ ਗਿਆ ਹੈ ਕਿ ੧੫੦੪ ਈ.ਸ. ਵਿੱਚ, ੩੫ ਸਾਲ ਦੀ ਉਮਰ ਵਿਚ, ਗੁਰੂ ਨਾਨਕ ਨੇ ਅਗਿਆਨਤਾ ਦੀ ਨੀਂਦ ਸੁਤੇ ਪਏ ਸਮਾਜ ਦੀ ਆਤਮਾ ਨੂੰ ਜਗਾਉਣ ਲਈ ਇਕ ਯਾਤਰਾ ਸ਼ੁਰੂ ਕੀਤੀ। ਰੁਖਸ਼ਤ ਹੋਣ ਤੋਂ ਪਹਿਲਾਂ, ਉਨ੍ਹਾਂ ਨੇ ਆਪਣੀ ਭੈਣ ਬੇਬੇ ਨਾਨਕੀ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਆਪਣੇ (ਗੁਰੂ ਨਾਨਕ ਦੇ) ਪਰਿਵਾਰ ਦੀ ਦੇਖਭਾਲ ਕਰਨ ਦੀ ਅਰਜ਼ੋਈ ਕੀਤੀ। ਇਹ ਉਦਾਸੀ ਉਨ੍ਹਾਂ ਦੀ ਰੂਹਾਨੀ ਯਾਤਰਾ ਦੀ ਸ਼ੁਰੂਆਤ ਦਾ ਪ੍ਰਤੀਕ ਹੈ, ਜਿਸ

ਵਿਚ ਉਨ੍ਹਾਂ ਨੇ 'ਤੌਹੀਦ' ਦੇ ਪੈਗ਼ਾਮ ਨੂੰ ਕਲਾਵੇ ਵਿਚ ਲੈਣ ਦੇ ਨਾਲ-ਨਾਲ ਪ੍ਰਸਾਰਿਆ ਵੀ। ਇਹ ਵਾਕਿਆ ਕਿਸ ਤਰ੍ਹਾਂ ਉਸ ਮਹਾਨ ਪਲ ਦੀ ਪ੍ਰਤੀਨਿਧਿਤਾ ਕਰਦਾ ਹੈ ਜਿਸ ਨੇ ਗੁਰੂ ਨਾਨਕ ਨੂੰ ਇੱਕ ਰੂਹਾਨੀ ਖੋਜ 'ਤੇ ਜਾਣ ਲਈ ਪ੍ਰੇਰਿਤ ਕੀਤਾ?

੨. ਮਲਿਕ ਭਾਗੋ ਦਾ ਬ੍ਰਿਤਾਂਤ ੧੬ਵੀਂ ਸਦੀ ਦੇ ਪੰਜਾਬ ਦੀ ਸਮਾਜਿਕ ਬਣਤਰ ਬਾਰੇ ਕੀ ਅੰਦਰੂਨੀ ਝਲਕ ਪੇਸ਼ ਕਰਦਾ ਹੈ?
ਐਪੀਸੋਡ ਵਿਚ ਐਮਨਾਬਾਦ ਵਿਚ ਘਟਿਤ ਇਕ ਮਹੱਤਵਪੂਰਨ ਬ੍ਰਿਤਾਂਤ ਦਾ ਵਰਣਨ ਕੀਤਾ ਗਿਆ ਹੈ, ਜਿੱਥੇ ਇਕ ਸਥਾਨਕ ਜਾਗੀਰਦਾਰ ਮਲਿਕ ਭਾਗੋ ਨੇ ਉੱਚੀ ਜਾਤੀ ਦੇ ਲੋਕਾਂ ਲਈ 'ਬ੍ਰਹਮ ਭੋਜ' ਦਾ ਆਯੋਜਨ ਕੀਤਾ ਸੀ। ਗੁਰੂ ਨਾਨਕ ਨੂੰ ਵੀ ਸੱਦਾ ਦਿੱਤਾ ਗਿਆ, ਪਰ ਉਨ੍ਹਾਂ ਨੇ ਇਸ ਵਿਚ ਸ਼ਾਮਿਲ ਹੋਣ ਤੋਂ ਇਨਕਾਰ ਕਰ ਦਿੱਤਾ। ਜਦ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਉਨ੍ਹਾਂ ਨੇ ਨੀਵੀਂ ਜਾਤੀ ਦੇ ਤਰਖਾਣ ਭਾਈ ਲਾਲੋ ਦੇ ਘਰ ਰਹਿਣਾ ਕਿਉਂ ਚੁਣਿਆ, ਤਾਂ ਗੁਰੂ ਨਾਨਕ ਨੇ ਉੱਤਰ ਦਿੱਤਾ ਕਿ ਉਹ ਮਿਹਨਤ ਨਾਲ ਕਮਾਇਆ ਸਧਾਰਣ ਭੋਜਨ, ਜੋ ਭਾਈ ਲਾਲੋ ਨੇ ਪਰੋਸਿਆ, ਜੋ ਦੁੱਧ ਵਰਗਾ ਮਿੱਠਾ ਹੈ, ਨੂੰ ਉਸ ਵਿਅਕਤੀ ਦੇ ਸ਼ੋਸ਼ਣ ਨਾਲ ਕਮਾਏ ਹੋਏ ਧਨ ਰਾਹੀਂ ਲਗਾਏ ਬ੍ਰਹਮ ਭੋਜ ਤੋਂ ਉਤਮ ਮੰਨਦੇ ਹਨ। ਇਹ ਬ੍ਰਿਤਾਂਤ ਗੁਰੂ ਨਾਨਕ ਦੇ ਸਮੇਂ ਵਿਚ ਵਿਆਪਕ ਸਮਾਜਿਕ ਵਰਗੀਕਰਨ, ਆਰਥਿਕ ਸ਼ੋਸ਼ਣ ਅਤੇ ਧਾਰਮਿਕ ਪਖੰਡ ਨੂੰ ਕਿਵੇਂ ਉਬਾਰਦਾ ਹੈ?

੩. ਗੁਰੂ ਨਾਨਕ ਦੇ ਸਮਾਜ ਸੁਧਾਰ ਦ੍ਰਿਸ਼ਟੀਕੋਣ ਨੂੰ ਸਮਝਣ ਵਿਚ ਸੱਜਣ ਠੱਗ ਦੇ ਰੂਪਾਂਤਰਣ ਦਾ ਇਤਿਹਾਸਕ ਮਹੱਤਵ ਕੀ ਹੈ?
ਮਖਦੂਮਪੁਰ ਪਹੌਰਨ (ਤੁਲੰਬਾ) ਵਿੱਚ, ਗੁਰੂ ਨਾਨਕ ਦੀ ਭੇਟ ਸੱਜਣ ਠੱਗ ਨਾਮ ਦੇ ਵਿਅਕਤੀ ਨਾਲ ਹੋਈ, ਜੋ ਇੱਕ ਧਰਮਸ਼ਾਲਾ ਚਲਾਉਂਦਾ ਸੀ, ਪਰ ਯਾਤਰੀਆਂ ਨੂੰ ਲੁੱਟਦਾ ਅਤੇ ਕਦੇ-ਕਦੇ ਉਨ੍ਹਾਂ ਦੀ ਹੱਤਿਆ ਵੀ ਕਰ ਦਿੰਦਾ। ਉਸ ਨੇ ਆਪਣੇ ਆਪ ਨੂੰ ਧਾਰਮਿਕ ਦਿਖਾਉਣ ਲਈ ਇਕ ਮੰਦਰ ਅਤੇ ਇਕ ਮਸਜਿਦ ਦਾ ਨਿਰਮਾਣ ਕਰਵਾਇਆ ਹੋਇਆ ਸੀ, ਤਾਂ ਜੋ ਵਧੇਰੇ ਯਾਤਰੀ ਉਸਦੇ ਜਾਲ ਵਿੱਚ ਫਸ ਸਕਣ। ਸੱਜਣ ਦੀ ਅਸਲ ਬਿਰਤੀ ਗੁਰੂ ਨਾਨਕ ਨੂੰ ਸਮਝ ਆ ਚੁਕੀ ਸੀ, ਜਿਨ੍ਹਾਂ ਆਪਣੀ ਬਾਣੀ ਦੀ ਚੋਟ ਨਾਲ ਉਸਦਾ ਹਿਰਦਾ ਵਿੰਨ ਕੇ ਰੱਖ ਦਿੱਤਾ। ਇਹ ਇਤਿਹਾਸਕ ਬ੍ਰਿਤਾਂਤ ਗੁਰੂ ਨਾਨਕ ਦੇ ਉਸ ਦ੍ਰਿਸ਼ਟੀਕੋਣ ਨੂੰ ਕਿਵੇਂ ਦਰਸਾਉਂਦਾ ਹੈ, ਜਿਸ ਵਿਚ ਉਹ ਰੂਹਾਨੀ ਜਾਗਰੂਕਤਾ ਲਈ ਧਿਰਕਾਰਨ ਦੀ ਥਾਂ ਸਕਾਰਾਤਮਕ ਬਦਲਾਅ ਨੂੰ ਤਰਜ਼ੀਹ ਦਿੰਦੇ ਹਨ?

੪. ਪਾਕਪਟਨ ਵਿਚ ਸੂਫ਼ੀ ਪਰੰਪਰਾ ਨਾਲ ਗੁਰੂ ਨਾਨਕ ਦੀ ਗੱਲਬਾਤ ਮੱਧਕਾਲੀ ਭਾਰਤ ਵਿਚ ਅੰਤਰਧਾਰਮਿਕ ਸੰਵਾਦ ਨੂੰ ਕਿਵੇਂ ਦਰਸਾਉਂਦੀ ਹੈ?

ਇਸ ਐਪੀਸੋਡ ਵਿੱਚ ਗੁਰੂ ਨਾਨਕ ਅਤੇ ਭਾਈ ਮਰਦਾਨਾ ਦੀ ਪਾਕਪਟਨ ਯਾਤਰਾ ਦਾ ਜ਼ਿਕਰ ਹੈ, ਜਿਸ ਵਿਚ ਉਨ੍ਹਾਂ ਦੀ ਮੁਲਾਕਾਤ ਸ਼ੇਖ ਕਮਾਲ ਅਤੇ ਬਾਬਾ ਸ਼ੇਖ ਫ਼ਰੀਦ ਦੇ ੧੨ਵੇਂ ਉੱਤਰਾਧਿਕਾਰੀ ਸ਼ੇਖ ਇਬਰਾਹੀਮ ਨਾਲ ਹੋਈ। ਸ਼ੇਖ ਇਬਰਾਹੀਮ ਨੇ ਗੁਰੂ ਨਾਨਕ ਅਤੇ ਭਾਈ ਮਰਦਾਨਾ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਅਤੇ ਉਹ ਕੁਝ ਦਿਨ ਉੱਥੇ ਰਹੇ। ਇਹ ਵਿਚਾਰ-ਵਟਾਂਦਰਾ ਚਿਸ਼ਤੀ ਸੂਫ਼ੀ ਪਰੰਪਰਾ ਅਤੇ ਵੱਖ-ਵੱਖ ਰੂਹਾਨੀ ਪਰੰਪਰਾਵਾਂ ਵਿਚਲੇ ਖੁੱਲ੍ਹੇ ਸੰਵਾਦ ਨੂੰ ਦਰਸਾਉਂਦਾ ਹੈ। ਇਹ ਅੰਤਰਧਾਰਮਿਕ ਸੰਵਾਦ ਗੁਰੂ ਨਾਨਕ ਦੇ ਵਿਸ਼ਵਵਿਆਪੀ ਸਿਧਾਂਤਾਂ ਦੀ ਸੂਝ ਅਤੁ ਉਨ੍ਹਾਂ ਨੂੰ ਪ੍ਰਗਟ ਕਰਨ ਵਿਚ ਕਿਵੇਂ ਯੋਗਦਾਨ ਪਾਉਂਦੇ ਹਨ?

੫. ਬਾਬਾ ਫ਼ਰੀਦ ਦੇ ਦਾਰਸ਼ਨਿਕ ਵਿਚਾਰਾਂ ਨੂੰ ਸੰਭਾਲਣ ਅਤੇ ਪ੍ਰਸਾਰਣ ਵਿਚ ਗੁਰੂ ਨਾਨਕ ਦੀ ਕੀ ਭੂਮਿਕਾ ਸੀ?

ਮਹਿਬੂਬ ਫ਼ਰੀਦ ਖ਼ਾਨ, ਪਰੰਪਰਾਗਤ ਕਵਾਲੀ ਸੰਗੀਤਕਾਰਾਂ ਦੇ ਵੰਸ਼ਜ ਦੱਸਦੇ ਹਨ ਕਿ ਬਾਬਾ ਫ਼ਰੀਦ ਅਤੇ ਬਾਬਾ ਗੁਰੂ ਨਾਨਕ ਵਿਚਕਾਰ ਰੂਹਾਨੀ ਨਾਤਾ ਸੀ, ਅਤੇ ਉਨ੍ਹਾਂ ਦਾ ਆਪਸੀ ਪ੍ਰੇਮ ਇੰਨ੍ਹਾਂ ਗੂੜਾ ਸੀ ਕਿ ਬਾਬਾ ਫ਼ਰੀਦ ਦੀ ਬਾਣੀ 'ਗੁਰੂ ਗ੍ਰੰਥ ਸਾਹਿਬ' ਵਿਚ ਸੰਕਲਿਤ ਕੀਤੀ ਗਈ। ਇਸ ਭਾਗ ਵਿਚ ਇਹ ਵੀ ਦਖਾਇਆ ਗਿਆ ਹੈ ਕਿ ਬਾਬਾ ਫ਼ਰੀਦ ਦੀ ਬਾਣੀ ੨੦੦ ਸਾਲ ਤਕ ਮੌਖਿਕ ਪਰੰਪਰਾ ਰਾਹੀਂ ਸੰਚਾਰਿਤ ਹੁੰਦੀ ਰਹੀ। ਜਦ ਗੁਰੂ ਨਾਨਕ ਪਾਕਪਟਨ ਵਿਚ ਰਹੇ, ਉਨ੍ਹਾਂ ਨੇ ਇਹ ਬਾਣੀ ਇਕੱਤਰ ਕੀਤੀ, ਜੋ ਬਾਅਦ ਵਿਚ 'ਗੁਰੂ ਗ੍ਰੰਥ ਸਾਹਿਬ' ਵਿਚ ਦਰਜ਼ ਕੀਤੀ ਗਈ। ਇਸ ਰੂਹਾਨੀ ਗਿਆਨ ਨੂੰ ਸੰਭਾਲਣ ਵਿਚ ਗੁਰੂ ਨਾਨਕ ਦੀ ਕੀ ਭੂਮਿਕਾ ਸੀ ਅਤੇ ਇਹ ਉਨ੍ਹਾਂ ਦੀ ਧਾਰਮਿਕ ਉਦਾਰਵਾਦੀ ਦ੍ਰਿਸ਼ਟੀ ਬਾਰੇ ਕੀ ਝਾਤ ਪਾਉਂਦਾ ਹੈ?

੬. ਲੰਗਰ ਦੀ ਇਤਿਹਾਸਕ ਮਰਿਯਾਦਾ ਨੇ ਗੁਰੂ ਨਾਨਕ ਦੇ ਸਾਂਝਾ ਸਮਾਜ ਸਿਰਜਣ ਦੇ ਦ੍ਰਿਸ਼ਟੀਕੋਣ ਨੂੰ ਕਿਵੇਂ ਪ੍ਰਭਾਵਿਤ ਕੀਤਾ?

ਇਸ ਐਪੀਸੋਡ ਵਿਚ ਲੰਗਰ ਦੀ ਪਰੰਪਰਾ ਨੂੰ ਪ੍ਰੇਮ ਦੇ ਪ੍ਰਗਟਾਅ ਅਤੇ ਬਾਬਾ ਫ਼ਰੀਦ ਦੇ ਜੀਵਨ ਦੇ ਮੁੱਖ ਮੌਲਿਕ ਸਿਧਾਂਤ ਵਜੋਂ ਵਰਣਿਤ ਕੀਤਾ ਗਿਆ ਹੈ, ਜੋ ਪੰਜਾਬ ਦੇ ਸਭਿਆਚਾਰ ਦੀ ਪਹਿਚਾਣ ਬਣ ਚੁਕਾ ਹੈ। ਇਹ ਦੱਸਿਆ ਗਿਆ ਹੈ ਕਿ ਅੱਜ ਵੀ ਹਰ ਥਾਂ ਲੰਗਰ ਦੀ ਪਰੰਪਰਾ ਵੇਖੀ ਜਾ

ਸਕਦੀ ਹੈ, ਜਿਸ ਨੂੰ ਉਨ੍ਹਾਂ ਨੇ ਸੰਗਠਿਤ ਰੂਪ ਦਿੱਤਾ। ਇਹ ਪੂਰਵਵਰਤੀ ਪਰੰਪਰਾ ਨੇ ਗੁਰੂ ਨਾਨਕ ਦੇ ਉਦਾਰਵਾਦੀ ਰੂਹਾਨੀ ਸਮਾਜ ਦੀ ਸਿਰਜਣਾ ਵਾਲੇ ਦ੍ਰਿਸ਼ਟੀਕੋਣ ਨੂੰ ਕਿਵੇਂ ਪ੍ਰਭਾਵਿਤ ਕੀਤਾ, ਅਤੇ ਬਾਅਦ ਵਿਚ ਇਹ ਸਿੱਖ ਪਹਿਚਾਣ ਦਾ ਅਟੁਟ ਹਿਸਾ ਕਿਵੇਂ ਬਣ ਗਈ?

## ਦਾਰਸ਼ਨਿਕ ਚਰਚਾ ਨੁਕਤੇ:

੧. ਗੁਰੂ ਨਾਨਕ ਦੀ ਮਲਿਕ ਭਾਗੋ ਨੂੰ ਕੀਤੀ ਪ੍ਰਤੀਕਿਰਿਆ ਉਨ੍ਹਾਂ ਦੀ ਸਚੀ ਕਿਰਤ ਦੇ ਦਾਰਸ਼ਨਿਕ ਸਿਧਾਂਤ ਬਨਾਮ ਸ਼ੋਸ਼ਣ ਲੁਟ ਦੀ ਨਿਸ਼ਾਨਦੇਹੀ ਕਿਵੇਂ ਕਰਦੀ ਹੈ?
ਗੁਰੂ ਨਾਨਕ ਦਾ ਇਹ ਕਥਨ ਕਿ ਮਿਹਨਤ ਨਾਲ ਕਮਾਇਆ ਹੋਇਆ ਭੋਜਨ ਦੁੱਧ ਵਾਂਗ ਮਿੱਠਾ ਅਤੇ ਸ਼ੋਸ਼ਣ ਰਾਹੀਂ ਕਮਾਇਆ ਭੋਜਨ ਲਹੂ ਵਰਗਾ ਹੁੰਦਾ ਹੈ, ਇਕ ਗੂੜ ਦਾਰਸ਼ਨਿਕ ਅਵਧਾਰਣਾ ਨੂੰ ਪ੍ਰਗਟ ਕਰਦਾ ਹੈ। ਉਨ੍ਹਾਂ ਦੀ ਬਾਣੀ ਇਸ ਤੱਥ ਦੀ ਗਵਾਹੀ ਦਿੰਦੀ ਹੈ ਕਿ, ਜੋ ਦੂਜਿਆਂ ਦਾ ਹੱਕ ਮਾਰਦਾ ਹੈ, ਉਹ ਮੁਸਲਮਾਨ ਲਈ ਸੂਰ ਅਤੇ ਹਿੰਦੂ ਲਈ ਗਾਂ ਦਾ ਮਾਸ ਖਾਣ ਦੇ ਤੁਲ ਹੈ। ਰੂਹਾਨੀ ਰਹਿਬਰ ਉਨ੍ਹਾਂ ਦੇ ਨਾਲ ਖੜ੍ਹਦੇ ਹਨ, ਜੋ ਦੂਜਿਆਂ ਦਾ ਹੱਕ ਮਾਰ ਕੇ ਨਹੀਂ ਖਾਂਦੇ। ਇਹ ਰੂਪਕ ਗੁਰੂ ਨਾਨਕ ਦੀ ਨੈਤਿਕ ਵਿਚਾਰਧਾਰਾ ਨੂੰ ਕਿਵੇਂ ਵਿਅਕਤ ਕਰਦਾ ਹੈ ਜੋ ਸਚੀ ਕਿਰਤ ਬਨਾਮ ਸ਼ੋਸ਼ਣ ਅਤੇ ਅਯੋਗ ਤਰੀਕੇ ਨਾਲ ਇਕਤਰ ਕੀਤੀ ਸੰਪਤੀ ਬਾਰੇ ਰੋਸ਼ਨੀ ਪਾਉਂਦਾ ਹੈ?

੨. ਗੁਰੂ ਨਾਨਕ ਦੇ ਸੱਜਣ ਠੱਗ ਨੂੰ ਕਹੇ ਬੋਲ ਸਚੀ ਸੇਵਾ ਅਤੇ ਆਤਮ-ਮੰਥਨ ਪ੍ਰਤੀ ਸੂਝ ਨੂੰ ਕਿਵੇਂ ਪ੍ਰਗਟ ਕਰਦੇ ਹਨ?
ਜਦ ਗੁਰੂ ਨਾਨਕ ਸੱਜਣ ਠੱਗ ਦੇ ਸਨਮੁਖ ਹੋਏ, ਤਾਂ ਉਨ੍ਹਾਂ ਨੇ ਇਹ ਸ਼ਬਦ ਗਾਇਨ ਕੀਤਾ ਜਿਸ ਦਾ ਭਾਵ ਸੀ ਕਿ ਜੇਕਰ ਸੇਵਾ ਕਰਨ, ਭਲਾਈ ਕਰਨ ਅਤੇ ਬਿਬੇਕ ਹੋਣ ਦੇ ਬਾਵਜੂਦ ਵੀ ਆਚਰਣ ਠੀਕ ਨਹੀਂ, ਤਾਂ ਸੇਵਾ ਕਰਨ ਦਾ ਕੀ ਮੁੱਲ ਹੋਇਆ? ਨਾਨਕ ਆਖਦੇ ਹਨ, ਮਨ ਨੂੰ ਨਾਕਾਰਤਾਮਕਤਾ ਦੇ ਪ੍ਰਭਾਵ ਤੋਂ ਮੁਕਤ ਕਰਨ ਬਾਰੇ ਪੜਚੋਲ ਕਰੋ। ਇਸ ਭਾਗ ਵਿਚ ਇਹ ਪੇਸ਼ ਕੀਤਾ ਗਿਆ ਹੈ ਕਿ ਇੱਕ ਨੇਕ ਜਨ ਉਹੀ ਹੁੰਦਾ ਹੈ, ਜੋ ਅੰਤਰੀਵ ਆਤਮਿਕ-ਚੇਤਨਾ ਤੋਂ ਅਗਵਾਈ ਲੈਂਦਾ ਹੈ। ਆਤਮ-ਮੰਥਨ ਦੇ ਅਭਿਆਸ ਨਾਲ ਮਨ ਸੰਸਾਰੀ ਇੱਛਾਵਾਂ ਦੇ ਬੰਧਨਾਂ ਤੋਂ ਆਜ਼ਾਦ ਹੋ ਸਕਦਾ ਹੈ। ਇਹ ਦਾਰਸ਼ਨਿਕ ਦ੍ਰਿਸ਼ਟੀਕੋਣ ਬਾਹਰੀ ਧਾਰਮਿਕਤਾ ਨੂੰ ਕਿਵੇਂ ਚੁਣੌਤੀ ਦਿੰਦਾ ਹੈ ਅਤੇ ਆਤਮਿਕ ਬਦਲਾਵ ਦੀ ਪ੍ਰਮਾਣਿਕਤਾ ਨੂੰ ਕਿਵੇਂ ਸਵਿਕਾਰਦਾ ਹੈ?

੩. ਗੁਰੂ ਨਾਨਕ ਦੇ ਦਰਸ਼ਨ ਵਿਚ 'ਦੀਵਾਨਾ'ਦਾ ਸਿਧਾਂਤ ਰੂਹਾਨੀ ਚੇਤਨਾ ਦੀ ਸੂਝ ਨੂੰ ਕਿਵੇਂ ਪ੍ਰਗਟ ਕਰਦਾ ਹੈ?

ਇਸ ਐਪੀਸੋਡ ਵਿਚ ਇਹ ਦੱਸਿਆ ਗਿਆ ਹੈ ਕਿ ਕਈ ਵਾਰੀ ਰਹੱਸਮਈ ਅਨੁਭਵਾਂ ਦੌਰਾਨ ਆਨੰਦ ਦੇ ਅਜਿਹੇ ਪਲ ਆਉਂਦੇ ਹਨ, ਜਿਸ ਵਿਚ ਰਸੀਆ ਖੁਦ ਉਪਰ ਆਪਣਾ ਨਿਯੰਤਰਣ ਗੁਆ ਬੈਠਦਾ ਹੈ। ਗੁਰੂ ਨਾਨਕ ਦੇ ਸਬਦਾਂ ਵਿਚ, ਉਹਨਾਂ ਨੂੰ ਦੀਵਾਨੇ ਆਖੋ, ਜੋ ਆਪਣੇ ਆਪ ਨੂੰ ਨਹੀਂ ਸਮਝ ਪਾਉਂਦੇ। ਇਸ ਵਿਚ ਇਹ ਵੀ ਸਪਸ਼ਟ ਕੀਤਾ ਗਿਆ ਹੈ ਕਿ ਭਾਰਤੀ ਰੂਹਾਨੀ ਪਰੰਪਰਾਵਾਂ ਵਿੱਚ 'ਦੀਵਾਨਾ' ਦਾ ਅਰਥ ਆਤਮ-ਨਿਯੰਤਰਣ ਤੋਂ ਬਾਹਰ ਹੋਣ ਨਾਲ ਹੈ। ਗੁਰੂ ਨਾਨਕ ਲਈ, ਅਸਲ ਪਾਗਲਪਨ ਉਹੀ ਹੈ, ਜਦ ਕੋਈ ਆਪੇ ਦੇ ਅਸਲ ਨੂੰ ਪਛਾਣਨ ਵਿਚ ਅਸਫ਼ਲ ਹੋ ਜਾਂਦਾ ਹੈ। ਆਨੰਦ ਦੇ ਅਸਲ ਪਲ ਉਹੀ ਹੁੰਦੇ ਹਨ ਜਦ ਕੋਈ ਨਿੱਜੀ ਰੁਪਾਂਤ੍ਰਣ ਦਾ ਅਨੁਭਵ ਕਰਦਾ ਹੈ। 'ਦੀਵਾਨੇਪਨ' ਦਾ ਇਹ ਪੁਨਰ-ਸਿਧਾਂਤ ਰੂਹਾਨੀ ਚੇਤਨਾ ਦੀ ਰਵਾਇਤੀ ਸੂਝ ਨੂੰ ਕਿਵੇਂ ਚੁਣੌਤੀ ਦਿੰਦਾ ਹੈ?

੪. ਬਾਬਾ ਫ਼ਰੀਦ ਅਤੇ ਗੁਰੂ ਨਾਨਕ ਦੇ ਵਿਸ਼ਵਵਿਆਪੀ ਭਾਈਚਾਰੇ ਅਤੇ ਏਕਤਾ ਦੇ ਸੰਦੇਸ਼ ਆਪਸੀ ਵਿਚ ਕਿਵੇਂ ਏਕੀਕ੍ਰਿਤ ਹੁੰਦੇ ਹਨ?

ਦੀਵਾਨ ਸ਼ਹਾਬੁੱਦੀਨ ਬਖ਼ਤਿਆਰ ਚਿਸ਼ਤੀ, ਜੋ ਬਾਬਾ ਫ਼ਰੀਦ ਦੀ ੨੭ਵੀਂ ਪੀੜ੍ਹੀ ਦੇ ਵੰਸ਼ਜ ਹਨ, ਦੱਸਦੇ ਹਨ ਕਿ ਸੂਫ਼ੀ ਦਰਵੇਸ਼ਾਂ ਦੀ ਵਿਚਾਰਧਾਰਾ ਸ੍ਰਿਸ਼ਟੀ ਦੀ ਏਕਤਾ ਉੱਤੇ ਆਧਾਰਿਤ ਹੈ। ਬ੍ਰਿਤਾਂਤਕਾਰ ਇਸ ਨਾਲ ਸਹਿਮਤੀ ਦਿੰਦਿਆਂ ਕਹਿੰਦਾ ਹੈ ਬਿਲਕੁਲ ਇਹੀ ਦਰਸ਼ਨ ਗੁਰੂ ਨਾਨਕ ਦਾ ਵੀ ਹੈ, ਕਿਉਂਕਿ ਜਪੁਜੀ ਸਾਹਿਬ ਦੀ ਸ਼ੁਰੂਆਤ ਉਹ 'ਇਕ ਓਅੰਕਾਰ' ਤੋਂ ਕਰਦੇ ਹਨ, ਅੰਕ '੧' ਏਕਤਾ ਨੂੰ ਦਰਸਾਉਂਦਾ ਹੈ। ਏਕਤਾ ਉਪਰ ਦਿੱਤੀ ਇਹ ਸਾਂਝੀ ਤਵੱਜੋ ਧਾਰਮਿਕ ਸੀਮਾਵਾਂ ਨੂੰ ਕਿਵੇਂ ਪਾਰ ਕਰਦੀ ਹੈ ਅਤੇ ਵਿਸ਼ਵਵਿਆਪੀ ਭਾਈਚਾਰੇ ਦੀ ਨੀਂਹ ਕਿਵੇਂ ਰੱਖਦੀ ਹੈ?

੫. ਸੂਫ਼ੀ ਅਤੇ ਸਿੱਖ ਪਰੰਪਰਾਵਾਂ ਵਿੱਚ 'ਵੰਡ ਛਕਣਾ ਦੀ ਦਾਰਸ਼ਨਿਕ ਮਹੱਤਤਾ ਕੀ ਹੈ?

ਇਸ ਭਾਗ ਵਿੱਚ ਬਾਬਾ ਰਫ਼ੀਕ ਦੁਖੀ ਆਖਦੇ ਹਨ ਕਿ ਗੁਰੂ ਨਾਨਕ ਦਾ ਸੰਦੇਸ਼, ਜਿਸ ਨੂੰ ਉਹ ਬਹੁਤ ਪਸੰਦ ਕਰਦੇ ਹਨ, ਇਹ ਹੈ ਕਿ ਇਮਾਨਦਾਰੀ ਨਾਲ ਕਮਾਓ ਅਤੇ ਉਦਾਰਤਾ ਨਾਲ ਵੰਡੋ। ਬਾਅਦ ਵਿਚ ਬ੍ਰਿਤਾਂਤਕਾਰ ਦੱਸਦਾ ਹੈ ਕਿ 'ਲੰਗਰ''ਵੰਡ ਛਕਣਾ ਦੀ ਅਵਧਾਰਣਾ ਜੋ ਸਮਾਜ ਵਿਚ ਵੰਡਣ ਦੀ ਹਮਾਇਤੀ ਹੈ—ਰੂਹਾਨੀ ਸੰਤਾਂ ਦੀ ਸਾਂਝੀ ਵਿਰਾਸਤ ਹੈ। ਉਦਾਰਾਵਾਦੀ ਵਤੀਰੇ

ਨਾਲ ਵੰਡ ਛਕਣ ਦਾ ਇਹ ਨੈਤਿਕ ਸਿਧਾਂਤ ਮਨੁਖੀ ਅੰਤਰਸੰਬੰਧਤਾ ਅਤੇ ਪਦਾਰਵਾਦੀ ਵਸੀਲਿਆਂ ਨਾਲ ਉਚਿਤ ਰਿਸ਼ਤਾ ਸਿਰਜਣ ਵਿਚ ਕਿਵੇਂ ਭੂਮਿਕਾ ਨਿਭਾਉਂਦਾ ਹੈ?

੬. ਬਾਬਾ ਫ਼ਰੀਦ ਦੀ ਧੂੜ ਨਾਲ ਸੰਬੰਧਤ ਪੰਕਤੀ ਦੋਨੋ ਪਰੰਪਰਾਵਾਂ ਵਿਚ ਨਿਮਰਤਾ ਦੇ ਦਾਰਸ਼ਨਿਕ ਸਿਧਾਂਤ ਨੂੰ ਕਿਵੇਂ ਦਰਸਾਉਂਦੀ ਹੈ?

ਇਸ ਐਪੀਸੋਡ ਵਿਚ ਬਾਬਾ ਫ਼ਰੀਦ ਦੀ ਇਹ ਪੰਕਤੀ ਦਰਜ਼ ਕੀਤੀ ਗਈ ਹੈ ਜੋ ਇਹ ਚਾਨਣਾ ਪਾਉਂਦੀ ਹੈ ਕਿ ਧੂੜ ਦਾ ਨਿਰਾਦਰ ਨਾ ਕਰੋ, ਕਿਉਂਕਿ ਇਸ ਤੋਂ ਮਹਾਨ ਕੁਝ ਵੀ ਨਹੀਂ। ਜਦ ਅਸੀਂ ਜੀਉਂਦੇ ਹਾਂ, ਤਾਂ ਇਹ ਸਾਡੇ ਪੈਰਾਂ ਹੇਠ ਹੁੰਦੀ ਹੈ, ਪਰ ਜਦ ਅਸੀਂ ਮਰ ਜਾਂਦੇ ਹਾਂ, ਤਾਂ ਇਹ ਸਾਡੇ ਉਪਰ ਆ ਸਾਨੂੰ ਕੱਜ ਲੈਂਦੀ ਹੈ। ਇਹ ਗੂੜ ਰੂਪਕ ਨਿਮਰਤਾ ਅਤੇ ਮਨੁੱਖੀ ਹੋਂਦ ਬਾਰੇ ਗਹਿਰੀ ਸਿੱਖਿਆ ਦਿੰਦਾ ਹੈ। ਇਹ ਦਾਰਸ਼ਨਿਕ ਦ੍ਰਿਸ਼ਟੀਕੋਣ ਗੁਰੂ ਨਾਨਕ ਦੀ ਨਿਮਰਤਾ ਸੰਬੰਧੀ ਵਿਚਾਰਧਾਰਾ ਨਾਲ ਕਿਵੇਂ ਮਿਲਦਾ ਹੈ, ਅਤੇ ਇਹ ਇਨ੍ਹਾਂ ਰੂਹਾਨੀ ਪਰੰਪਰਾਵਾਂ ਦੇ ਸਾਂਝੇ ਨੈਤਿਕ ਮੁੱਲਾਂ ਨੂੰ ਕਿਵੇਂ ਪ੍ਰਗਟ ਕਰਦਾ ਹੈ?

੭. ਐਪੀਸੋਡ ਗੁਰੂ ਨਾਨਕ ਦੀ ਧਾਰਮਿਕ ਪਰੰਪਰਾਵਾਂ ਅਤੇ ਰਸਮਾਂ ਵੱਲ ਦ੍ਰਿਸ਼ਟੀ ਨੂੰ ਕਿਵੇਂ ਸਪਸ਼ਟ ਕਰਦਾ ਹੈ?

ਗੁਰੂ ਨਾਨਕ ਨੇ ਆਪਣੀਆਂ ਉਦਾਸੀਆਂ ਦੌਰਾਨ ਵੱਖ-ਵੱਖ ਧਾਰਮਿਕ ਪਰੰਪਰਾਵਾਂ ਨੂੰ ਚੁਣੌਤੀ ਦਿੱਤੀ, ਜਿਨ੍ਹਾਂ ਵਿੱਚ ਮਲਕ ਭਾਗੋ ਦੇ 'ਬ੍ਰਹਮ ਭੋਜ' ਤੋਂ ਲੈ ਕੇ ਸੱਜਣ ਠੱਗ ਦੀ ਦਿਖਾਵਟੀ ਧਾਰਮਿਕਤਾ ਸ਼ਾਮਲ ਹੈ। ਇਸ ਐਪੀਸੋਡ ਵਿੱਚ ਇਸ ਤਰ੍ਹਾਂ ਦੇ ਸ਼ਬਦਾਂ ਦਾ ਜ਼ਿਕਰ ਹੈ, ਜੋ ਦੱਸਦੇ ਹਨ ਕਿ ਅਨੈਤਿਕ ਕਰਮਾਂ ਨੂੰ ਧਾਰਮਿਕ ਰਸਮਾਂ ਰਾਹੀਂ ਠੀਕ ਨਹੀਂ ਠਹਿਰਾਇਆ ਜਾ ਸਕਦਾ। ਇਸੇ ਤਰ੍ਹਾਂ, ਇਸ ਵਿਚ ਇਕ ਸੂਫ਼ੀ ਵਿਆਖਿਆ ਵੀ ਸ਼ਾਮਲ ਹੈ ਕਿ ਬਿਨਾਂ ਕਿਸੇ ਅਜ਼ਾਨ ਦੇ, ਭਗਤ ਆਪਣੇ ਅੰਦਰ ਹੀ ਭਗਤੀ ਵਿਚ ਜੁੜ ਜਾਂਦੇ ਹਨ। ਪ੍ਰੇਮ ਵਿਚ ਡੁੱਬੇ ਉਹ ਹਮੇਸ਼ਾਂ ਇਬਾਦਤ ਵਿਚ ਲੀਨ ਰਹਿੰਦੇ ਹਨ। ਜਦ ਪਿਆਰਾ ਅੰਦਰ ਹੀ ਹੈ, ਤਾਂ ਬਾਹਰੀ ਰਸਮਾਂ ਦੀ ਕੀ ਲੋੜ? ਇਹ ਦ੍ਰਿਸ਼ਟੀਕੋਣ ਥੋਥੀਆਂ ਰਸਮਾਂ ਦੀ ਆਲੋਚਨਾ ਕਰ ਪੁਖਤਾ ਰੂਹਾਨੀ ਲਿਵ 'ਤੇ ਕਿਵੇਂ ਜ਼ੋਰ ਦਿੰਦਾ ਹੈ?

੮. ਇਹ ਐਪੀਸੋਡ ਰੂਹਾਨੀ ਗਿਆਨ ਅਤੇ ਏਕਤਾ ਦੀ ਪ੍ਰਾਪਤੀ ਦੇ ਵਿਚਕਾਰ ਆਪਸੀ ਸੰਬੰਧ ਨੂੰ ਕਿਵੇਂ ਵਿਅਕਤ ਕਰਦਾ ਹੈ?

ਇਸ ਐਪੀਸੋਡ ਦਾ ਅੰਤ ਗੁਰੂ ਨਾਨਕ ਦੇ ਬਦ ਨਾਲ ਹੁੰਦਾ ਹੈ ਜਿਸ ਦਾ ਭਾਵ ਹੈ ਕਿ ਸਰਵਵਿਆਪੀ ਪਰਮਾਤਮਾ ਦੀ ਝਲਕ ਪਾਉਣ ਲਈ ਬਹੁਤ ਸਾਰੇ ਵਿਰਲਾਪ ਕਰਦੇ ਹਨ। ਵਿਰਲੇ ਹੀ ਹੁੰਦੇ ਹਨ ਜੋ ਇਹ ਸਮਝ ਪਾਉਂਦੇ ਹਨ ਕਿ ਬਿਬੇਕ ਰਾਹੀਂ ਹੀ ਸਰਵਵਿਆਪਕ ਨੂੰ ਅਨੁਭਵ ਕੀਤਾ ਜਾ ਸਕਦਾ ਹੈ। ਇਸ ਤੋਂ ਬਾਅਦ ਬ੍ਰਿਤਾਂਤਕਾਰ ਆਖਦਾ ਹੈ ਕਿ ਬਹੁਤ ਸਾਰੇ ਏਕਤਾ ਦੀ ਪ੍ਰਾਪਤੀ ਦੇ ਅਭਿਲਾਖੀ ਹੁੰਦੇ ਹਨ, ਪਰ ਬਹੁਤ ਹੀ ਘੱਟ ਅਸਲ ਵਿਚ ਇਸ ਪਥ ਉੱਤੇ ਚਲਦੇ ਹਨ। ਇਹ ਵਿਚਾਰ ਬੌਧਿਕ ਸੂਝ, ਰੂਹਾਨੀ ਅਭਿਆਸ ਅਤੇ ਅੰਤਿਮ ਏਕਤਾ ਦੀ ਪ੍ਰਾਪਤੀ ਦੇ ਵਿਚਕਾਰ ਦਾਰਸ਼ਨਿਕ ਸੰਬੰਧ ਬਾਰੇ ਕੀ ਸੁਝਾਅ ਦਿੰਦਾ ਹੈ, ਜੋ ਗੁਰੂ ਨਾਨਕ ਅਤੇ ਬਾਬਾ ਫ਼ਰੀਦ ਦੀ ਵਿਚਾਰਧਾਰਾ ਦਾ ਕੇਂਦਰੀ ਤੱਤ ਹੈ?